Postal No. - Jallandhar Vide No. L-4/PB/JL-0196/2024-2026

Regd No. 32212/78

# ਲੁਬਾਣਾ ਸੇਵਕ

ਅਗਸਤ 2025 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ !



"ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥"

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ ...

# ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ



ਜੁਗੋ ਜੁਗੋ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਗਤ ਦਾ ਸਦੀਵ ਸ਼ਬਦ–ਗੁਰੂ ਹੈ। ਇਹ ਇਕ ਅਜਿਹਾ ਕੇਂਦਰ ਹੈ ਜੋ ਕਿ ਸਮੁੱਚੇ ਸਿੱਖ ਜਗਤ ਨੂੰ ਹੀ ਨਹੀਂ ਬਲਕਿ ਪੂਰੀ ਦੁਨੀਆਂ ਨੂੰ ਚਾਨਣਾ ਮੁਨਾਰ ਕਰਦਾ ਹੈ। ਮੋਹ ਮਾਇਆ ਵਿੱਚ ਫਸੀ ਲੋਕਾਈ ਨੂੰ ਚੁਰਾਸੀ ਲੱਖ ਜੂਨਾਂ ਤੋਂ ਛੁਟਕਾਰਾ ਦਿਵਾਉਣ ਲਈ ਗੁਰੂ ਸਾਹਿਬਾਨ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ ਜੀ ਦਾ ਆਰੰਭ ਗੁਰੂ ਨਾਨਕ ਸਾਹਿਬ ਦੀ ਪ੍ਰਮੁੱਖ ਰਚਨਾ 'ਜਪੁ ਜੀ' ਨਾਲ ਹੁੰਦਾ ਹੈ। ਇਸ ਦਾ ਪਾਠ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ। ਜਪੁ ਜੀ ਸਾਹਿਬ ਪਿੱਛੋਂ 'ਸੋ ਦਰੁ ਰਹਰਾਸਿ' ਨੂੰ ਸਥਾਨ ਦਿੱਤਾ ਗਿਆ ਹੈ। 'ਸੋ ਦਰੁ' ਦਾ ਅਰਥ ਹੈ – ਦੁਆਰ, ਅਰਥਾਤ ਈਸ਼ਵਰ ਦੀ ਪ੍ਰਾਪਤੀ ਦਾ ਦੁਆਰ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਛੇ ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਅਤੇ 3 ਗੁਰਸਿੱਖਾਂ ਦੀ ਅੰਮ੍ਰਿਤਮਈ ਬਾਣੀ ਦਰਜ ਕੀਤੀ ਗਈ ਹੈ, ਜੋ ਪਰਮਾਤਮਾ ਦੇ ਨਾਲ ਇੱਕ–ਮਿੱਕ ਸਨ ਅਤੇ ਜਿਨ੍ਹਾਂ ਦੇ ਬਚਨ ਪਰਮਾਤਮਾ ਦੇ ਹੀ ਬਚਨ ਸਨ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਇਕੱਤਰ ਕੀਤੀ ਅੰਮ੍ਰਿਤਮਈ ਬਾਣੀ ਅਤੇ ਆਪਣੀ ਉਚਾਰਨ ਕੀਤੀ ਧੁਰ ਕੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਇਕੱਤਰ ਕਰਕੇ ਵਾਹਿਗੁਰੂ ਦੇ ਨਾਮ ਦਾ ਜਹਾਜ ਤਿਆਰ ਕੀਤਾ। ਇਸੇ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਬਾਣੀ ਨੂੰ ਧੁਰ ਕੀ ਬਾਣੀ ਕਿਹਾ ਗਿਆ ਹੈ। ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ - **''ਧੁਰ ਕੀ ਬਾਣੀ ਆਈ।। ਤਿਨਿ ਸਗਲੀ ਚਿੰਤ ਮਿਟਾਈ।।''** ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ (ਜੋ ਕਿ ਰਿਸ਼ਤੇ ਵਿਚ ਉਨ੍ਹਾਂ ਦੇ ਮਾਮਾ ਜੀ ਸਨ) ਨੂੰ ਪਵਿੱਤਰ ਗ੍ਰੰਥ ਸਾਹਿਬ ਲਿਖਣ ਦੀ ਜ਼ਿੰਮੇਵਾਰੀ ਸੌਂਪੀ। 'ਸੋਹਿਲਾ' ਤੋਂ ਪਿੱਛੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਭਾਗ ਆਰੰਭ ਹੁੰਦਾ ਹੈ। ਕੁੱਲ 1430 ਪੰਨਿਆਂ ਵਿੱਚੋਂ 1154 ਪੰਨੇ ਇਸ ਮੁੱਖ ਭਾਗ ਨੂੰ ਦਿੱਤੇ ਗਏ ਹਨ। ਇਸ ਨੂੰ 31 ਭਾਗਾਂ ਵਿੱਚ, 31 ਰਾਗਾਂ ਅਨੁਸਾਰ ਵੰਡਿਆ ਗਿਆ ਹੈ। ਇਸ ਵਿੱਚ ਗੁਰੂ–ਵਿਅਕਤੀਆਂ ਨੂੰ ਤਰਤੀਬ ਅਨੁਸਾਰ ਤੇ ਫਿਰ ਛੰਦਾਂ ਜਾਂ ਕਾਵਿ–ਰੂਪਾਂ ਨੂੰ ਤਰਤੀਬ ਅਨੁਸਾਰ ਸਥਾਨ ਦਿੱਤਾ ਗਿਆ ਹੈ। ਮਿਸਾਲ ਵਜੋਂ ਕਿਸੇ ਰਾਗ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਦੁਪਦੇ, ਚਉਪਦੇ, ਅਸਟਪਦੀਆਂ ਮਿਲਦੀਆਂ ਹਨ ਤਾਂ ਰਾਗ ਦੀ ਅੰਦਰੂਨੀ ਤਰਤੀਬ ਬਣਾਉਣ ਲਈ ਗੁਰੂ ਅਰਜਨ ਸਾਹਿਬ ਜੀ ਨੇ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਦੁਪਦੇ ਇਕੱਠੇ ਕਰ ਦਿੱਤੇ ਤੇ ਫਿਰ ਉਸ ਤੋਂ ਬਾਅਦ ਦੂਸਰੇ ਗੁਰੂ ਸਾਹਿਬਾਨ ਦੇ ਦੁਪਦੇ ਤਰਤੀਬਵਾਰ ਜੋੜ ਦਿੱਤੇ। ਇਸ ਤਰ੍ਹਾਂ ਚਉਪਦੇ, ਅਸਟਪਦੀਆਂ ਅਤੇ ਜੋ ਵੱਡੀ ਬਾਣੀ ਹੈ ਉਹ ਇਸ ਤੋਂ ਬਾਅਦ, ਫਿਰ ਵਾਰਾਂ ਤੇ ਫਿਰ ਭਗਤਾਂ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ। ਮਹਲਾ 1, 2, 3, 4, 5 ਦੇ ਕੇ ਗੁਰੂ ਵਿਅਕਤੀਆਂ ਨੂੰ ਵੱਖਰਿਆਂ ਵੀ ਦਰਸਾਇਆ ਗਿਆ ਹੈ ਅੰਤ ਵਿੱਚ 'ਨਾਨਕ' ਨਾਮ ਦਾ ਪ੍ਰਯੋਗ ਕਰਕੇ ਏਕ–ਜੋਤ ਦੇ ਸਿਧਾਂਤ ਨੂੰ ਵੀ ਕਾਇਮ ਰੱਖਿਆ ਗਿਆ ਹੈ। ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ 30 ਅਗਸਤ 1604 ਈ. ਨੂੰ ਹੋਇਆ। ਬਾਬਾ ਬੁੱਢਾ ਜੀ ਨੂੰ ਪਹਿਲੇ ਹੈੱਡ ਗ੍ਰੰਥੀ ਥਾਪਿਆ ਗਿਆ।

ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਉਪਰੰਤ ਸਰਬਤ ਸ਼ਹੀਦਾਂ ਨਮਿਤ ਸ਼੍ਰੀ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਉਣ ਦਾ ਵਿਚਾਰ ਬਣਾਇਆ। ਆਪ ਜੀ ਨੇ ਕੁਝ ਸਿੰਘਾਂ ਨੂੰ ਕਰਤਾਰਪੁਰ ਭੇਜਿਆ ਕਿ ਉਹ ਸ਼੍ਰੀ ਗ੍ਰੰਥ ਸਾਹਿਬ ਦੀ ਬੀੜ ਲੈ ਆਉਣ। ਧੀਰਮਲ ਨੇ ਆਦਿ ਸ਼੍ਰੀ ਗ੍ਰੰਥ ਸਾਹਿਬ ਦੀ ਬੀੜ ਸਿੰਘਾਂ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਬੋਲ–ਕੁਬੋਲ ਵੀ ਬੋਲੇ। ਇਹ ਵੀ ਮਿਹਣਾ ਮਾਰਿਆ ਕਿ ਜੇ ਤੁਹਾਡਾ ਗੁਰੂ ਪੂਰਾ ਹੈ ਤਾਂ ਆਪ ਗ੍ਰੰਥ ਲਿਖ ਲਵੇ। ਧੀਰਮਲ ਦਾ ਕੋਰਾ ਜਵਾਬ ਆਉਣ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਾਉਣ ਦਾ ਕਾਰਜ ਆਰੰਭਿਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਧੁਰ ਕੀ ਅੰਮ੍ਰਿਤਮਈ ਬਾਣੀ ਲਿਖਾਈ ਜਾਂਦੇ ਅਤੇ ਭਾਈ ਮਨੀ ਸਿੰਘ ਜੀ ਲਿਖੀ ਜਾਂਦੇ। ਸਾਰੀ ਬਾਣੀ ਦੇ ਨਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜਿਸ ਰਾਗ ਵਿੱਚ ਰਚੀ ਗਈ ਸੀ, ਉਸੇ ਰਾਗ ਵਿੱਚ ਦਰਜ ਕੀਤੀ। ਤਕਰੀਬਨ ਛੇ ਮਹੀਨੇ ਦੇ ਅਰਸੇ ਵਿਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਬੀੜ ਸਾਬੋ ਕੀ ਤਲਵੰਡੀ ਵਿਖੇ ਲਿਖਵਾਈ ਅਤੇ ਗੁਰੂ ਸਾਹਿਬ ਜੀ ਨੇ ਇਸ ਨਗਰੀ ਦਾ ਨਾਂ 'ਗੁਰੂ ਕੀ ਕਾਂਸ਼ੀ' ਰੱਖਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਜੁਗੋ ਜੁਗ ਅਟੱਲ ਗੁਰੂ' ਦਾ ਦਰਜਾ ਦਿੰਦਿਆਂ, ਇਸ ਵਿੱਚ ਅੰਕਿਤ ਮਹਾਂਪੁਰਸ਼ਾਂ ਨੂੰ ਇੱਕੋ ਜਿਹਾ ਸਤਿਕਾਰ ਦੇ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਸੰਗਤਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਤੇ ਗੁਰਬਾਣੀ ਤੋਂ ਸਿੱਖਿਆ ਲੈ ਕੇ ਗਿਆਨ ਪ੍ਰਾਪਤ ਕਰਕੇ ਜੀਵਨ ਸਫਲ ਕਰਨ ਲਈ ਹੁਕਮ ਕੀਤਾ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਹੁਕਮ ਤੋਂ ਬਾਅਦ ਗੁਰਬਾਣੀ ਨੂੰ ਭਗਤ ਬਾਣੀ ਜਾਂ ਭੱਟ ਬਾਣੀ ਦੇ ਰੂਪ ਵਿੱਚ ਵੰਡਣਾ ਕਦਾਚਿਤ ਉਚਿਤ ਨਹੀਂ ਹੈ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਸਾਰੀ ਅੰਮ੍ਰਿਤਮਈ ਬਾਣੀ 'ਗੁਰਬਾਣੀ' ਹੈ ਅਤੇ ਇਨ੍ਹਾਂ ਦੇ ਰਚੇਤੇ ਮਹਾਂਪੁਰਖਾਂ ਨੂੰ ਕਿਸੇ ਜਾਤ–ਪਾਤ, ਇਲਾਕੇ ਜਾਂ ਵਰਣ–ਵੰਡ ਦੇ ਨਾਂ ਤੇ ਉੱਚੇ–ਨੀਵੇਂ ਦੱਸਣਾ ਅਤੇ ਭਗਤ ਜਾਂ ਗੁਰੂ ਦੇ ਰੂਪ ਵਿੱਚ ਵੰਡੀਆਂ ਪਾਉਣਾ ਗੁਰੂ–ਆਸ਼ੇ ਦੇ ਅਨੁਕੂਲ ਨਹੀਂ। ਸਾਰੇ ਭਾਈਚਾਰਿਆਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਰਹਿਨੁਮਾਈ ਅਤੇ ਰੂਹਾਨੀ ਅਗਵਾਈ ਵਿੱਚ ਜੋੜਣਾ ਅਤੇ ਸਦਾ ਲਈ ਜੋੜੀ ਰੱਖਣਾ ਸਿੱਖ ਗੁਰੂ ਸਾਹਿਬਾਨ ਦਾ ਮੰਤਵ ਸੀ। ਇਸ ਦਾ ਵਿਸ਼ਵ–ਵਿਆਪੀ ਸਰੂਪ, ਇਸ ਨੂੰ ਸੰਸਾਰ ਦੇ ਮਹਾਨ ਧਾਰਮਿਕ ਗ੍ਰੰਥਾਂ ਵਿੱਚੋਂ ਸ੍ਰੇਸ਼ਟਤਾ ਪ੍ਰਦਾਨ ਕਰਦਾ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ' ਨੂੰ ਗੁਰੂਤਾ ਪ੍ਰਦਾਨ ਕੀਤੀ ਹੈ, ਸਿੱਖਾਂ ਵੱਲੋਂ ਇਸ ਨੂੰ ਉਹੀ ਸਨਮਾਨ ਦਿੱਤਾ ਜਾਂਦਾ ਹੈ ਜੋ 'ਗੁਰੂ' ਦਾ ਸੀ। ਹੁਣ ਸਿੱਖਾਂ ਲਈ ਉਪਾਸਨਾ ਦਾ ਕੇਂਦਰ ਇਹੀ ਹੈ।

**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963



**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181

## Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your
name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥**
**ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥**

ਭਾਦਰੋਂ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

**ਪੂਰਨਮਾਸ਼ੀ - 09-08-2025 (ਸ਼ਨੀਵਾਰ)**
**ਸੰਗਰਾਂਦ - 16-08-2025 (ਸ਼ਨੀਵਾਰ)**
**ਮੱਸਿਆ - 23-08-2025 (ਸ਼ਨੀਵਾਰ)**

## ਤਤਕਰਾ

ਜਿਲਦ ਨੰ. 41 | ਅੰਕ - 146 | ਅਗਸਤ - 2025



| | | |
|---|---|---|
| 1. | ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ | 4 |
| 2. | ਸ਼ਬਦ ਗੁਰੂ ਸੁਰਤਿ ਧੁਨਿ ਚੇਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 8 |
| 3. | ਗੁਰਦੁਆਰਾ ਕੰਧ ਸਾਹਿਬ ਤੇ ਡੇਹਰਾ ਸਾਹਿਬ ਦਾ ਇਤਿਹਾਸ | 11 |
| 4. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ | 12 |
| 5. | ਆਵਨ ਜਾਨ ਇਕ ਖੇਲ ਬਨਾਇਆ॥ ਅੰਗ 294॥ | 15 |
| 6. | ਜੁਲਾਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 18 |
| 7. | ਭਾਰਤ ਦੀ ਆਜ਼ਾਦੀ ਵਿਚ ਪੰਜਾਬ ਦਾ ਯੋਗਦਾਨ | 20 |
| 8. | ਜੀਵਨ ਵਿਕਾਸ - ਇਕ ਸੰਘਰਸ਼ | 22 |
| 9. | ਸਚੁ ਸੁਣਾਇਸੀ ਸੱਚ ਕੀ ਬੇਲਾ | 23 |
| 10. | ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ | 25 |
| 11. | ਮਾਪਿਆਂ ਦਾ ਸਤਿਕਾਰ | 26 |
| 12. | ਗੁਰ ਸਾਗਰ ਦੇ ਸੁੱਚੇ ਮੋਤੀ | 27 |
| 13. | 'ਸਾਚਾ ਗੁਰੂ ਲਾਧੋ ਰੇ'' | 28 |
| 14. | ਨਾਟਕ ਹੀ ਨਾਟਕ | 29 |
| 15. | ਇਕ ਇਨਸਾਨ ਨੂੰ ਕਿੰਨੀ ਜ਼ਮੀਨ ਚਾਹੀਦੀ ਹੈ? | 30 |
| 16. | ਸ਼ਰਧਾਂਜ਼ਲੀ | 35 |
| 17. | ਸਿਹਤ ਸੰਭਾਲ | 36 |
| 18. | ਕਾਵਿ-ਕਿਆਰੀ | 38 |
| 19. | Matrimonial | 39 |
| 20. | ਦਾਨੀ ਸੱਜਣਾਂ ਦੀ ਸੂਚੀ | 40 |


'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

Computer Designing - Walia Enterprises, M.: 98153-78692

# ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ




ਗੁਰਬਾਣੀ ਅਤੇ ਇਤਿਹਾਸ ਨਾਲ ਪਿਆਰ ਕਰਨ ਵਾਲਾ ਹਰ ਗੁਰੂ ਨਾਨਕ ਨਾਮ ਲੇਵਾ ਸਿਖ ਇਹ ਜਾਣਦਾ ਹੈ ਕਿ ਵਰ੍ਹੇ ਦਾ ਸ਼ਾਇਦ ਹੀ ਕੋਈ ਦਿਨ ਅਜਿਹਾ ਹੋਵੇ, ਜਿਸ ਦਿਨ ਸਿੱਖ ਧਰਮ ਨਾਲ ਸਬੰਧਤ ਕੋਈ 'ਘਟਨਾ' ਨਾ ਵਾਪਰੀ ਹੋਵੇ। ਨਵੇਂ ਨਾਨਕਸ਼ਾਹੀ ਕੈਲੰਡਰ 'ਤੇ ਨਜ਼ਰ ਮਾਰੀਏ ਤਾਂ ਹਰ ਮਹੀਨੇ ਹੀ ਕਈ ਅਜਿਹੇ ਦਿਨ ਆਉਂਦੇ ਹਨ, ਜਿਨ੍ਹਾਂ ਦੀ ਯਾਦ ਨਾਲ ਹੀ ਸਿਰ ਆਪ ਮੁਹਾਰੇ ਸ਼ਰਧਾ ਵਿੱਚ ਝੁਕ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸ ਜਾਮੇ ਧਾਰ ਕੇ ਸਾਡੇ ਕਲਿਆਣ ਹਿੱਤ ਆਪਣਾ ਸਾਖਸ਼ਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸਦੀਵ ਕਾਲ ਲਈ ਸਾਨੂੰ ਦੇ ਦਿੱਤਾ। ਅਸੀਂ ਕਿੰਨੇ ਵੱਡੇ ਭਾਗਾਂ ਵਾਲੇ ਹਾਂ ਕਿ ਜੀਵਨ ਦੇ ਹਰ ਮੋੜ 'ਤੇ ਸੇਧ ਦੇਣ ਲਈ ਗੁਰੂ ਸਾਹਿਬਾਨ ਜੀ ਦਾ ਆਤਮਿਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਕੋਲ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਗਤ ਦਾ ਸਦੀਵ ਸ਼ਬਦ-ਗੁਰੂ ਹੈ। ਇਹ ਇਕ ਅਜਿਹਾ ਕੇਂਦਰ ਬਿੰਦੂ ਹੈ ਜਿਸ ਦੇ ਦੁਆਲੇ ਸਮੁੱਚੇ ਸਿੱਖ ਜਗਤ ਦਾ ਕਾਰ-ਵਿਹਾਰ ਘੁੰਮਦਾ ਹੈ। ਜੋ ਵੀ ਪ੍ਰਾਣੀ ਮਾਤਰ ਆਪਣੇ ਆਪ ਨੂੰ ਸਿੱਖ ਕਹਾਉਣ ਵਿੱਚ ਫ਼ਖ਼ਰ ਮਹਿਸੂਸ ਕਰਦਾ ਹੈ, ਉਹ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫਲਸਫੇ 'ਤੇ ਅਧਾਰਤ ਜ਼ਿੰਦਗੀ ਜੀਉਣ ਦਾ ਪਾਬੰਦ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਸ ਤਰ੍ਹਾਂ 'ਆਦਿ ਗ੍ਰੰਥ' 'ਆਦਿ ਸ੍ਰੀ ਗੁਰੂ ਗ੍ਰੰਥ' ਆਦਿ। ਆਮ ਸੌਖੀ, ਸਰਲ ਤੇ ਪੇਂਡੂ ਭਾਸ਼ਾ ਵਿੱਚ ਇਸ ਨੂੰ 'ਦਰਬਾਰ ਸਾਹਿਬ' (ਰੱਬੀ ਅਦਾਲਤ) ਵੀ ਕਿਹਾ ਜਾਂਦਾ ਹੈ। ਭਾਵੇਂ 'ਆਦਿ ਗ੍ਰੰਥ' ਦਾ ਸੰਕਲਨ 1604 ਈ. ਵਿੱਚ ਹੋਇਆ ਪਰ ਇਸ ਵਿੱਚ ਸ਼ਾਮਲ ਬਾਣੀ ਨੂੰ ਲਿਖਣ ਤੇ ਇਕੱਤਰ ਕਰਨ ਦਾ ਕਾਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਆਰੰਭ ਹੋ ਗਿਆ ਸੀ। ਭਾਈ ਗੁਰਦਾਸ ਭੱਲਾ ਦੀ ਪਹਿਲੀ ਵਾਰ ਤੋਂ ਇਹ ਸੰਕੇਤ ਮਿਲਦਾ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਆਪਣੀਆਂ ਯਾਤਰਾਵਾਂ ਦੌਰਾਨ ਆਪਣੇ ਪਾਸ ਇਕ ਪੋਥੀ ਰੱਖਦੇ ਸਨ। ਨਿਰਸੰਦੇਹ ਇਹ ਪੋਥੀ ਉਹੀ ਸੀ ਜਿਸ ਵਿੱਚ ਗੁਰੂ ਸਾਹਿਬ ਆਪਣੀ ਰਚੀ ਬਾਣੀ ਨੂੰ ਦਰਜ ਕਰਦੇ ਸਨ। ਪੁਰਾਤਨ ਜਨਮ ਸਾਖੀ ਦੀ ਗਵਾਹੀ ਤੋਂ ਇਹ ਪਤਾ ਚਲਦਾ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਭਾਈ ਲਹਿਣਾ (ਗੁਰੂ ਅੰਗਦ ਸਾਹਿਬ) ਜੀ ਨੂੰ ਸੌਂਪੀ ਤੇ ਨਾਲ ਹੀ ਉਨ੍ਹਾਂ ਨੂੰ ਉਹ 'ਪੋਥੀ' ਜਿਸ ਵਿੱਚ ਉਨ੍ਹਾਂ ਦੀ ਆਪਣੀ ਬਾਣੀ ਸੀ, ਵੀ ਸੌਂਪ ਦਿੱਤੀ।

'ਆਦਿ ਗ੍ਰੰਥ' ਦੀ ਸੰਪਾਦਨਾ ਸਿੱਖ ਇਤਿਹਾਸ ਵਿੱਚ ਇਕ ਅਤਿ ਅਹਿਮ ਘਟਨਾ ਹੈ। ਇਸ ਪਵਿੱਤਰ ਗ੍ਰੰਥ ਦਾ ਸੰਕਲਨ ਗੁਰੂ ਅਰਜਨ ਦੇਵ ਸਾਹਿਬ ਜੀ ਦੁਆਰਾ ਕੀਤਾ ਗਿਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅਗਰ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ 'ਪੋਥੀਆਂ' ਦੇ ਰੂਪ ਵਿੱਚ ਮੌਜੂਦ ਸੀ ਤਾਂ ਬਾਣੀ ਨੂੰ ਗੁਰੂ ਦਾ ਰੁਤਬਾ ਵੀ ਪ੍ਰਾਪਤ ਸੀ ਤਾਂ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਇਸ 'ਗ੍ਰੰਥ' ਦੀ ਸੰਪਾਦਨਾ ਦੀ ਲੋੜ ਕਿਉਂ ਮਹਿਸੂਸ ਹੋਈ? ਇਸ ਸਵਾਲ ਦੇ ਇਤਿਹਾਸਕਾਰਾਂ-ਵਿਦਵਾਨਾਂ ਨੇ ਆਪਣੇ ਆਪਣੇ ਨਜ਼ਰੀਏ ਤੋਂ ਕਈ ਜਵਾਬ ਦਿੱਤੇ ਹਨ। ਪਰ ਪ੍ਰਮੁੱਖ ਤੇ ਪ੍ਰਵਾਨਤ ਕਾਰਨ ਇਹ ਸੀ ਕਿ ਗੁਰੂ ਸਾਹਿਬ ਇਹ ਮਹਿਸੂਸ ਕਰਦੇ ਸਨ ਕਿ ਸਿੱਖ ਧਰਮ ਦੀ ਸੁਤੰਤਰ ਹੋਂਦ ਲਈ ਸਿੱਖਾਂ ਪਾਸ ਆਪਣਾ ਧਾਰਮਿਕ ਗ੍ਰੰਥ ਹੋਣਾ ਬਹੁਤ ਜ਼ਰੂਰੀ ਹੈ। ਗੁਰੂ-ਘਰ ਦੇ ਵਿਰੋਧੀ ਬਹੁਤ ਸਾਰੀ ਬਾਣੀ ਰਚ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਸਨ। ਸੋ ਗੁਰੂ ਸਾਹਿਬ ਨੇ ਇਹ ਫੈਸਲਾ ਕੀਤਾ ਕਿ


ਸੰਪਾਦਕ
ਭਗਵਾਨ ਸਿੰਘ
ਲੁਬਾਣਾ
98155-40240






ਪਾਲਕੀ ਵਿੱਚ ਸਜਾਇਆ ਗਿਆ। ਇਹ ਪਾਲਕੀ ਚਾਰ ਸਿੱਖਾਂ ਨੇ ਆਪਣੇ ਮੋਢਿਆਂ ’ਤੇ ਚੁੱਕੀ ਤੇ ਗੋਇੰਦਵਾਲ ਸਾਹਿਬ ਤੋਂ ਅੰਮ੍ਰਿਤਸਰ ਲਈ ਰਵਾਨਾ ਹੋਏ। ਗੁਰੂ ਅਰਜਨ ਸਾਹਿਬ ਖੁਦ ਨੰਗੇ ਪੈਰੀਂ ਪਾਲਕੀ ਦੇ ਪਿੱਛੇ-ਪਿੱਛੇ ਚਲ ਰਹੇ ਸਨ ਤੇ ਬਾਕੀ ਸੰਗਤ ਉਨ੍ਹਾਂ ਦੇ ਪਿੱਛੇ। ਇਹ ਕਾਫਲਾ ਕੁਝ ਚਿਰ ਲਈ ਖਡੂਰ ਸਾਹਿਬ ਗੁਰੂ ਅੰਗਦ ਦੇਵ ਸਾਹਿਬ ਦੇ ਅਸਥਾਨ ਦੇ ਦਰਸ਼ਨ ਕਰਨ ਹਿੱਤ ਰੁਕਿਆ। ਜਦ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਅੰਮ੍ਰਿਤਸਰ ਵਿਖੇ ਇਹ ਖਬਰ ਮਿਲੀ ਕਿ ਗੁਰੂ ਅਰਜਨ ਸਾਹਿਬ ‘ਪੋਥੀਆਂ’ ਸਮੇਤ ਅੰਮ੍ਰਿਤਸਰ ਆ ਰਹੇ ਹਨ ਤਾਂ ਆਪ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੂੰ ਨਾਲ ਲੈ ਕੇ ‘ਪੋਥੀਆਂ’ ਦਾ

ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਇਕ ਥਾਂ ਇਕੱਤਰ ਕਰਕੇ ਇਕ ‘ਗ੍ਰੰਥ’ ਦਾ ਰੂਪ ਦਿੱਤਾ ਜਾਵੇ ਤਾਂ ਕਿ ਇਸ ਵਿੱਚ ਕੱਚੀ ਬਾਣੀ ਦੀ ਮਿਲਾਵਟ ਦੀ ਕੋਈ ਗੁੰਜਾਇਸ਼ ਨਾ ਰਹਿ ਜਾਵੇ ਅਤੇ ਸਿੱਖ, ਗੁਰੂ-ਘਰ ਦੇ ਵਿਰੋਧੀਆਂ (ਮੀਣੇ) ਵੱਲੋਂ ਰਚੀ ਬਾਣੀ ਵੱਲ ਪ੍ਰੇਰਿਤ ਨਾ ਹੋ ਜਾਣ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਆਪਣੀ ਇਹ ਖਾਹਿਸ਼ ਭਾਈ ਗੁਰਦਾਸ ਕੋਲ ਪ੍ਰਗਟ ਕੀਤੀ। ਉਪ੍ਰੰਤ ਸਿੱਖਾਂ ਨੂੰ ਵੱਖ-ਵੱਖ ਇਲਾਕਿਆਂ ਵਿੱਚ ਸੁਨੇਹੇ ਭੇਜੇ ਕਿ ਜਿਸ ਪਾਸ ਵੀ ਗੁਰੂ ਸਾਹਿਬਾਨ ਦੀ ਬਾਣੀ ਹੈ ਉਹ ਆਪਣੇ ਨਾਲ ਲੈ ਕੇ ਗੁਰੂ ਦੇ ਸਨਮੁੱਖ ਹਾਜ਼ਰ ਹੋਵੇ। ਇਸ ਤਰ੍ਹਾਂ ਸੂਫੀਆਂ, ਸੰਤਾਂ, ਭਗਤਾਂ ਦਿਆਂ ਚੇਲਿਆਂ ਨੂੰ ਵੀ ਕਹਿ ਭੇਜਿਆ ਕਿ ਉਹ ਆਪਣੇ ਵਡੇਰਿਆਂ ਦੀਆਂ ਰਚਨਾਵਾਂ ਗੁਰੂ ਸਾਹਿਬ ਪਾਸ ਭੇਜਣ ਤਾਂ ਕਿ ਉਨ੍ਹਾਂ ਵੱਲੋਂ ਸੰਪਾਦਤ ਹੋਣ ਵਾਲੇ ‘ਗ੍ਰੰਥ’ ਵਿੱਚ ਸ਼ਾਮਿਲ ਕੀਤੀਆਂ ਜਾ ਸਕਣ।

ਨਿਰਸੰਦੇਹ ਇਸ ਮਹਾਨ ਗ੍ਰੰਥ ਦੇ ਸੰਕਲਨ ਦਾ ਕਾਰਜ ਕੋਈ ਸੌਖਾ ਕੰਮ ਨਹੀਂ ਸੀ। ਸਭ ਤੋਂ ਪਹਿਲੀ ਮੁਸ਼ਕਿਲ ਤਾਂ ਗੁਰੂ ਸਾਹਿਬਾਨ ਦੀ ਬਾਣੀ ਜੋ ਕਿ ਵੱਖ-ਵੱਖ ਥਾਵਾਂ ’ਤੇ ਪਈ ਸੀ, ਨੂੰ ਇਕੱਤਰ ਕਰਨ ਦੀ ਸੀ। ਕਿਹਾ ਜਾਂਦਾ ਹੈ ਕਿ ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਬਾਣੀ ‘ਪੋਥੀਆਂ’ ਦੇ ਰੂਪ ਵਿੱਚ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ ਪਾਸ ਸੀ। ਬਾਬਾ ਜੀ ਪਾਸੋਂ ਗੁਰ-ਬਾਣੀ ਨੂੰ ਪ੍ਰਾਪਤ ਕਰਨ ਵਿੱਚ ਬਹੁਤ ਕਠਨਾਈ ਦਾ ਸਾਹਮਣਾ ਕਰਨਾ ਪਿਆ। ਰਵਾਇਤ ਅਨੁਸਾਰ, ਪਹਿਲਾਂ ਭਾਈ ਗੁਰਦਾਸ ਤੇ ਫਿਰ ਬਾਬਾ ਬੁੱਢਾ ਜੀ ਨੂੰ ਗੁਰੂ ਅਰਜਨ ਸਾਹਿਬ ਨੇ ਬਾਬਾ ਮੋਹਨ ਜੀ ਪਾਸ ਇਸ ਕਾਰਜ ਲਈ ਭੇਜਿਆ ਪਰ ਇਹ ਦੋਵੇਂ ਗੁਰਸਿੱਖ ‘ਬਾਣੀ’ ਪ੍ਰਾਪਤ ਕਰਨ ਵਿੱਚ ਅਸਫਲ ਰਹੇ। ਫਿਰ ਗੁਰੂ ਸਾਹਿਬ ਖੁਦ ਚਲ ਕੇ ਗੋਇੰਦਵਾਲ ਪਹੁੰਚੇ ਤੇ ਬਾਬਾ ਜੀ ਤੋਂ ਗੁਰਬਾਣੀ ਵਾਲੀਆਂ ਪੋਥੀਆਂ ਪ੍ਰਾਪਤ ਕੀਤੀਆਂ। ਪ੍ਰਾਪਤੀ ਉਪ੍ਰੰਤ ਇਨ੍ਹਾਂ ਪੋਥੀਆਂ ਨੂੰ ਖੂਬਸੂਰਤ

ਸਵਾਗਤ ਕਰਨ ਹਿੱਤ ਅੰਮ੍ਰਿਤਸਰ ਤੋਂ ਚੱਲ ਪਏ। ਅੰਮ੍ਰਿਤਸਰ ਤੋਂ ਕੋਈ ਦੋ ਕੋਹ ਦੀ ਵਿੱਥ ’ਤੇ ਆਪ ਨੇ ਗੁਰੂ-ਪਿਤਾ ਨੂੰ ਮੱਥਾ ਟੇਕਿਆ ਤੇ ‘ਪੋਥੀਆਂ’ ’ਤੇ ਫੁੱਲਾਂ ਦੀ ਵਰਖਾ ਕੀਤੀ। ਹੁਣ ਗੁਰੂ ਅਰਜਨ ਸਾਹਿਬ, ਹਰਿਗੋਬਿੰਦ ਸਾਹਿਬ, ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ ‘ਪੋਥੀਆਂ’ ਵਾਲੀ ਪਾਲਕੀ ਨੂੰ ਆਪਣੇ ਮੋਢਿਆਂ ’ਤੇ ਟਿਕਾਇਆ ਤੇ ਅੰਮ੍ਰਿਤਸਰ ਨੂੰ ਰਵਾਨਾ ਹੋਏ। ਪਾਲਕੀ ਤੋਂ ਅੱਗੇ ਵਜੰਤਰੀ ਵੱਖ-ਵੱਖ ਸੰਗੀਤਕ-ਯੰਤਰਾਂ (ਸਾਜ਼ਾਂ) ਰਾਹੀਂ ਖੁਸ਼ੀ ਦੀ ਧੁਨਾਂ ਕੱਢ ਰਹੇ ਸਨ ਜਦਕਿ ਬਾਕੀ ਸਿੱਖ ਸੰਗਤਾਂ ਪਾਲਕੀ ਦੇ ਪਿੱਛੇ-ਪਿੱਛੇ ਚਲ ਰਹੀਆਂ ਸਨ। ਅੰਮ੍ਰਿਤਸਰ ਪਹੁੰਚ ਕੇ ਗੁਰੂ ਅਰਜਨ ਸਾਹਿਬ ਜੀ ਸਭ ਤੋਂ ਪਹਿਲਾਂ ਹਰਿਮੰਦਰ ਸਾਹਿਬ ਗਏ ਤੇ ਪੋਥੀਆਂ ਦੀ ਪ੍ਰਾਪਤੀ ਲਈ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਕੜਾਹ ਪ੍ਰਸ਼ਾਦਿ ਕਰਵਾਇਆ।

ਦੂਸਰੀ ਵੱਡੀ ਮੁਸ਼ਕਲ ਸੀ ਭਗਤਾਂ, ਸੰਤਾਂ, ਸੂਫੀਆਂ ਤੇ ਭੱਟਾਂ ਆਦਿ ਦੀਆਂ ਰਚਨਾਵਾਂ ਦੀ ਚੋਣ ਕਰਨ ਦੀ ਕਿਉਂਕਿ ਇਨ੍ਹਾਂ ਦੀਆਂ ਰਚਨਾਵਾਂ ਦੀ ਗਿਣਤੀ ਕਾਫੀ ਸੀ। ਸੋ ਗੁਰੂ ਸਾਹਿਬ ਨੇ ਭਗਤਾਂ ਦੇ ਅਨੁਯਾਈਆਂ ਨੂੰ ਬੁਲਾਇਆ ਤੇ ਉਨ੍ਹਾਂ ਨੂੰ ਆਪਣੇ ਆਪਣੇ ਵਡੇਰਿਆਂ ਦੀ ਬਾਣੀ ਸੁਣਾਉਣ ਨੂੰ ਕਿਹਾ। ਇਨ੍ਹਾਂ ਵਿੱਚੋਂ ਜੋ ਸ਼ਬਦ ਗੁਰੂ-ਆਸ਼ੇ ਦੇ ਅਨੁਕੂਲ ਸਨ, ਉਨ੍ਹਾਂ ਨੂੰ ‘ਆਦਿ ਗ੍ਰੰਥ’ ਵਿੱਚ ਸਥਾਨ ਦੇ ਦਿੱਤਾ ਤੇ ਬਾਕੀਆਂ ਨੂੰ ਛੱਡ ਦਿੱਤਾ।

ਤੀਸਰਾ ਜੋਖਮ ਭਰਿਆ ਕੰਮ ਸੀ, ਸਾਰੀ ਦੀ ਸਾਰੀ ਚੁਣੀ ਹੋਈ ਬਾਣੀ ਨੂੰ ਰਾਗਾਂ ਦੇ ਅਨੁਸਾਰ ਤਰਤੀਬ ਦੇਣਾ। ਇਹ ਸਾਰਾ ਕਾਰਜ ਅਣਥੱਕ ਲਗਨ ਤੇ ਉੱਚ ਬੌਧਿਕ ਸੰਜਮ ਵਾਲਾ ਸੀ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਬਾਖੂਬੀ ਨਿਭਾਇਆ ਤੇ ਸਾਰੀ ਚੁਣੀ ਹੋਈ ਸਮੱਗਰੀ ਨੂੰ ਇਕੱਤੀ ਰਾਗਾਂ ਅਨੁਸਾਰ ਵੰਡਿਆ ਤੇ ਹਰੇਕ ਰਚਨਾ ਨੂੰ ਸਹੀ ਸਥਾਨ

'ਤੇ ਅੰਕਤ ਕੀਤਾ।

ਇਸ ਅਤਿ ਬੌਧਿਕ-ਸੰਜਮ ਵਾਲੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਗੁਰੂ ਸਾਹਿਬ ਨੇ ਅੰਮ੍ਰਿਤਸਰ ਤੋਂ ਦੱਖਣ ਵੱਲ, ਇਕ ਇਕਤਾਂ ਤੇ ਰਮਣੀਕ ਸਥਾਨ ਰਾਮਸਰ ਸਰੋਵਰ ਦੇ ਕੰਢੇ ਇਕ ਪਿੱਪਲ ਦੇ ਦਰੱਖਤ ਹੇਠ ਇਕ ਤੰਬੂ ਲਵਾਇਆ ਤੇ ਉਥੇ ਬੈਠ ਕੇ ਇਹ ਕਾਰਜ ਆਰੰਭ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਹਰ ਪਾਸਿਓਂ ਇਕੱਤਰ ਬਾਣੀ ਨੂੰ ਪਹਿਲਾਂ ਭਾਈ ਸੰਤ ਦਾਸ, ਭਾਈ ਹਰੀਆ ਜੀ, ਭਾਈ ਸੱਖਾ ਜੀ ਤੇ ਭਾਈ ਮਨਸਾ ਰਾਮ ਜੀ ਨੂੰ ਉਤਾਰਾ ਕਰਨ ਲਈ ਸੌਂਪਿਆ ਗਿਆ। ਉਨ੍ਹਾਂ ਦੁਆਰਾ ਉਤਾਰੀ ਗਈ ਬਾਣੀ ਨੂੰ ਸੋਧ ਕੇ, ਆਪਣੀ ਯੋਜਨਾ ਅਨੁਰੂਪ 'ਗ੍ਰੰਥ' ਵਿੱਚ ਸਥਾਨ ਦੇ ਕੇ, ਅੰਤਿਮ ਰੂਪ ਵਿੱਚ ਲਿਖਣ ਦਾ ਕੰਮ ਭਾਈ ਗੁਰਦਾਸ ਜੀ ਨੂੰ ਸੌਂਪਿਆ।

'ਆਦਿ ਗ੍ਰੰਥ' ਵਿੱਚ ਪਹਿਲੇ ਪੰਜ ਗੁਰੂ ਸਾਹਿਬਾਨ ਤੋਂ ਇਲਾਵਾ 15 ਭਗਤਾਂ ਤੇ ਸੂਫੀਆਂ, 11 ਭੱਟਾਂ ਤੇ ਗੁਰੂ-ਘਰ ਦੇ ਤਿੰਨ ਗਵੱਈਆਂ ਦੇ ਸ਼ਬਦ ਦਰਜ ਹਨ। ਇਹ ਭਾਰਤ ਦੇ ਵੱਖ-ਵੱਖ ਖੇਤਰਾਂ, ਜਾਤਾਂ ਤੇ ਧਰਮਾਂ ਨਾਲ ਸਬੰਧਤ ਸਨ। ਭਾਈ ਗੁਰਦਾਸ ਜੀ ਅਨੁਸਾਰ ਆਦਿ ਗ੍ਰੰਥ ਦੀ ਸੰਪੂਰਨਤਾ ਭਾਦੋਂ ਵਦੀ ਏਕਮ 661 ਬਿ. ਅਰਥਾਤ 1 ਅਗਸਤ 1604 ਈ. ਤਤਕਰੇ ਤੱਕ ਹੋਈ। ਇਸ ਦੇ 974 ਪੱਤਰੇ ਜਾਂ 1948 ਸਫੇ 12 "8)) ਆਕਾਰ ਦੇ ਸਨ। ਇਸ ਗਰੰਥ ਨੂੰ 'ਆਦਿ ਬੀੜ' ਜਾਂ 'ਕਰਤਾਰਪੁਰ ਵਾਲੀ ਬੀੜ' ਕਰਕੇ ਜਾਣਿਆ ਜਾਂਦਾ ਹੈ। ਆਦਿ ਗ੍ਰੰਥ ਸਾਹਿਬ ਦੇ ਤਿਆਰ ਹੋਣ ਉਪ੍ਰੰਤ ਗੁਰੂ ਸਾਹਿਬ ਨੇ ਆਪਣੇ ਇਕ ਸਿੱਖ ਭਾਈ ਬੰਨੋ ਨੂੰ ਗ੍ਰੰਥ ਸਾਹਿਬ ਜੀ ਦੀ ਜਿਲਤ ਬੰਨ੍ਹਵਾਉਣ ਵਾਸਤੇ ਲਾਹੌਰ ਭੇਜਿਆ। ਭਾਈ ਬੰਨੋ ਨੇ ਕਾਹਲੀ ਨਾਲ ਇਸ ਦੀ ਇਕ ਨਕਲ ਤਿਆਰ ਕਰ ਲਈ, ਜਿਸ ਨੂੰ 'ਭਾਈ ਬੰਨੋ ਵਾਲੀ ਬੀੜ' ਕਹਿੰਦੇ ਹਨ। ਇਹ ਹੁਣ ਤੱਕ ਇਨ੍ਹਾਂ ਦੇ ਵੰਸ਼ ਪਾਸ ਹੈ। ਇਸ ਬੀੜ ਨੂੰ ਖਾਰੀ ਬੀੜ ਕਰਕੇ ਵੀ ਜਾਣਿਆ ਜਾਂਦਾ ਹੈ। ਕਿਉਂਕਿ ਭਾਈ ਬੰਨੋ ਨੇ ਇਸ ਦਾ ਉਤਾਰਾ ਕਾਹਲੀ ਨਾਲ ਕੀਤਾ ਸੀ ਸੋ ਬਾਣੀ ਉਤਾਰਦਿਆਂ ਬਹੁਤ ਸਾਰੀਆਂ ਉਕਾਈਆਂ ਅਨਜਾਣੇ ਵਿੱਚ ਹੀ ਹੋ ਗਈਆਂ ਸਨ। ਤੀਸਰੀ ਬੀੜ ਜੋ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ ਗਈ, ਇਸ ਨੂੰ 'ਦਮਦਮੀ ਬੀੜ' ਕਰਕੇ ਜਾਣਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸ਼੍ਰੋ. ਗੁ. ਪ੍ਰ.ਕਮੇਟੀ ਵੱਲੋਂ ਪ੍ਰਵਾਨਤ ਬੀੜ ਦਮਦਮੇ ਵਾਲੀ ਬੀੜ 'ਤੇ ਅਧਾਰਤ ਹੀ ਹੈ। ਇਸ ਦੇ 1430 ਪੰਨੇ ਹਨ ਅਤੇ ਇਸੇ ਹੀ 'ਬੀੜ' ਦਾ ਹਰ ਗੁਰਦੁਆਰੇ ਵਿੱਚ ਪ੍ਰਕਾਸ਼ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਆਰੰਭ ਗੁਰੂ ਨਾਨਕ ਸਾਹਿਬ ਦੀ ਪ੍ਰਮੁੱਖ ਰਚਨਾ 'ਜਪੁ ਜੀ' ਨਾਲ ਹੁੰਦਾ ਹੈ। ਇਸ ਦਾ ਪਾਠ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ। ਜਪੁ ਜੀ ਸਾਹਿਬ ਪਿੱਛੋਂ 'ਸੋ ਦਰੁ ਰਹਰਾਸਿ' ਨੂੰ ਸਥਾਨ ਦਿੱਤਾ ਗਿਆ ਹੈ। 'ਸੋ ਦਰੁ' ਦਾ ਅਰਥ ਹੈ – ਦੁਆਰ, ਅਰਥਾਤ ਈਸ਼ਵਰ ਦੀ ਪ੍ਰਾਪਤੀ ਦਾ ਦੁਆਰ। ਇਸ ਦਾ ਪਾਠ ਸ਼ਾਮ ਵੇਲੇ ਕੀਤਾ ਜਾਂਦਾ ਹੈ। 'ਸੋ ਦਰੁ ਰਹਰਾਸਿ' ਤੋਂ ਪਿੱਛੋਂ 'ਸੋ ਪੁਰਖ' (ਸਰਵ ਸ਼ਕਤੀਮਾਨ ਪਰਮਾਤਮਾ) ਨਾਮੀ ਰਚਨਾ ਹੈ। ਇਸ ਦਾ ਪਾਠ ਵੀ ਸ਼ਾਮ ਨੂੰ ਕੀਤਾ ਜਾਂਦਾ ਹੈ। ਇਸ ਪਿੱਛੋਂ 'ਸੋਹਿਲਾ' ਹੈ। ਇਸ ਦਾ ਪਾਠ ਰਾਤ ਨੂੰ ਸੌਣ ਵੇਲੇ ਕੀਤਾ ਜਾਂਦਾ ਹੈ।

'ਸੋਹਿਲਾ' ਤੋਂ ਪਿੱਛੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਭਾਗ ਆਰੰਭ ਹੁੰਦਾ ਹੈ। ਕੁੱਲ 1430 ਪੰਨਿਆਂ ਵਿੱਚੋਂ 1154 ਪੰਨੇ ਇਸ ਮੁੱਖ ਭਾਗ ਨੂੰ ਦਿੱਤੇ ਗਏ ਹਨ। ਇਸ ਨੂੰ 31 ਭਾਗਾਂ ਵਿੱਚ, 31 ਰਾਗਾਂ ਅਨੁਸਾਰ ਵੰਡਿਆ ਗਿਆ ਹੈ। ਇਸ ਵਿੱਚ ਗੁਰੂ-ਵਿਅਕਤੀਆਂ ਨੂੰ ਤਰਤੀਬ ਅਨੁਸਾਰਤੇ ਫਿਰ ਛੰਦਾਂ ਜਾਂ ਕਾਵਿ-ਰੂਪਾਂ ਨੂੰ ਤਰਤੀਬ ਅਨੁਸਾਰ ਸਥਾਨ ਦਿੱਤਾ ਗਿਆ ਹੈ। ਮਿਸਾਲ ਵਜੋਂ ਕਿਸੇ ਰਾਗ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਦੁਪਦੇ, ਚਉਪਦੇ, ਅਸਟਪਦੀਆਂ ਮਿਲਦੀਆਂ ਹਨ ਤਾਂ ਰਾਗ ਦੀ ਅੰਦਰੂਨੀ ਤਰਤੀਬ ਬਣਾਉਣ ਲਈ ਗੁਰੂ ਅਰਜਨ ਸਾਹਿਬ ਜੀ ਨੇ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਦੁਪਦੇ ਇਕੱਠੇ ਕਰ ਦਿੱਤੇ ਤੇ ਫਿਰ ਉਸ ਤੋਂ ਬਾਅਦ ਦੂਸਰੇ ਗੁਰੂ ਸਾਹਿਬਾਨ ਦੇ ਦੁਪਦੇ ਤਰਤੀਬਵਾਰ ਜੋੜ ਦਿੱਤੇ। ਇਸ ਤਰ੍ਹਾਂ ਚਉਪਦੇ, ਅਸਟਪਦੀਆਂ ਅਤੇ ਜੋ ਵੱਡੀ ਬਾਣੀ ਹੈ ਉਹ ਇਸ ਤੋਂ ਬਾਅਦ, ਫਿਰ ਵਾਰਾਂ ਤੇ ਫਿਰ ਭਗਤਾਂ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ। ਮਹਲਾ 1, 2, 3, 4, 5 ਦੇ ਕੇ ਗੁਰੂ ਵਿਅਕਤੀਆਂ ਨੂੰ ਵੱਖਰਿਆਂ ਵੀ ਦਰਸਾਇਆ ਗਿਆ ਹੈ ਅੰਤ ਵਿੱਚ 'ਨਾਨਕ' ਨਾਮ ਦਾ ਪ੍ਰਯੋਗ ਕਰਕੇ ਏਕ-ਜੋਤ ਦੇ ਸਿਧਾਂਤ ਨੂੰ ਵੀ ਕਾਇਮ ਰੱਖਿਆ ਗਿਆ ਹੈ।

ਵਿਸ਼ਵ-ਵਿਆਪੀ ਸਰੂਪ ਵਾਲੇ ਇਸ ਮਹਾਨ ਗ੍ਰੰਥ ਦੀ ਸੰਪੂਰਨਤਾ 'ਤੇ ਗੁਰੂ ਅਰਜਨ ਸਾਹਿਬ ਤੇ ਸਮੂਹ ਸਿੱਖ ਸੰਗਤਾਂ ਵੱਲੋਂ ਅਨੰਤ ਖੁਸ਼ੀ ਮਨਾਈ ਗਈ। ਸਿੱਖ ਸੰਗਤਾਂ ਵਹੀਰਾਂ ਘੱਤ ਕੇ 'ਗ੍ਰੰਥ' ਜੀ ਦੇ ਦਰਸ਼ਨ ਕਰਨ ਆਉਣ ਲੱਗੀਆਂ। ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਗੁਰੂ ਜੀ ਨੇ ਹਦਾਇਤ ਕੀਤੀ ਕਿ ਜੋ ਵੀ ਸਿੱਖ, "ਗੁਰੂ" ਦੇ ਦਰਸ਼ਨ ਕਰਨੇ ਚਾਹੁੰਦਾ ਹੈ ਉਹ 'ਗ੍ਰੰਥ' ਜੀ ਦੇ ਦਰਸ਼ਨ ਕਰੇ ਅਤੇ ਜੋ ਵਿਅਕਤੀ 'ਗੁਰੂ' ਦੇ ਮੁਖ ਤੋਂ ਸ਼ਬਦ ਸੁਣਨਾ ਚਾਹੁੰਦਾ ਹੈ, ਉਹ 'ਗ੍ਰੰਥ' ਜੀ ਨੂੰ ਪੜ੍ਹੇ।

ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਸਾਹਿਬ ਨੇ ਹਾਜ਼ਰ ਸਿੱਖ ਸੰਗਤਾਂ ਨੂੰ ਪੁੱਛਿਆ ਕਿ 'ਗ੍ਰੰਥ' ਜੀ ਨੂੰ ਕਿਸ ਅਸਥਾਨ 'ਤੇ ਸਸ਼ੋਭਿਤ ਕੀਤਾ ਜਾਵੇ। ਬਾਬਾ ਬੁੱਢਾ ਜੀ ਨੇ ਝੱਟ ਉੱਤਰ ਦਿੱਤਾ ਕਿ ਆਪ ਤਾਂ ਸਰਬਦਰਸ਼ੀ ਹੋ, ਪਰ ਹਰਿਮੰਦਰ ਜੀ ਤੋਂ ਵੱਧ ਉਚਿਤ ਅਸਥਾਨ ਕਿਹੜਾ ਹੋ ਸਕਦਾ ਹੈ? ਇਹ ਸੁਣ ਕੇ ਗੁਰੂ ਸਾਹਿਬ ਬਹੁਤ ਖੁਸ਼ ਹੋਏ। ਆਖਰ ਫੈਸਲਾ ਹੋਇਆ ਕਿ ਰਾਤ ਰਾਮਸਰ ਵਿਖੇ ਹੀ ਠਹਿਰਾਇਆ ਜਾਵੇ ਤੇ ਅਗਲੇ ਭਲਕ 'ਗ੍ਰੰਥ' ਜੀ ਸਮੇਤ ਅੰਮ੍ਰਿਤਸਰ ਪਰਤਿਆ ਜਾਵੇ। 'ਗ੍ਰੰਥ' ਜੀ ਚੰਦੋਏ ਹੇਠ ਚੌਂਕੀ ਉੱਪਰ ਬਿਰਾਜਮਾਨ ਸਨ ਜਦਕਿ ਗੁਰੂ ਸਾਹਿਬ ਬਾਕੀ ਸੰਗਤ ਸਮੇਤ ਭੋਇੰ ਤੇ ਬਿਰਾਜੇ। ਸਾਰੀ ਰਾਤ ਗੁਰੂ ਸਾਹਿਬ ਇਹ ਸੋਚਦੇ ਰਹੇ ਕਿ 'ਗ੍ਰੰਥ' ਜੀ ਦੀ ਦੇਖ-ਭਾਲ ਦੀ ਸੌਂਪਣਾ ਕਿਸ ਨੂੰ ਕੀਤੀ ਜਾਵੇ? ਆਖਰ ਬਾਬਾ ਬੁੱਢਾ ਜੀ ਨੂੰ ਹੀ ਇਸ ਜ਼ਿੰਮੇਵਾਰੀ ਲਈ ਸਭ ਤੋਂ ਵਧੀਕ ਯੋਗ ਸਮਝਿਆ ਗਿਆ। 16-8-1604 ਈ. ਨੂੰ ਅੰਮ੍ਰਿਤ ਵੇਲੇ ਉੱਠ ਕੇ ਗੁਰੂ ਸਾਹਿਬ (ਸਮੇਤ ਹਾਜ਼ਰ ਸਿੱਖ ਸੰਗਤਾਂ ਦੇ) ਨੇ ਰਾਮਸਰ ਸਰੋਵਰ ਵਿੱਚ ਇਸ਼ਨਾਨ ਕੀਤਾ। ਆਸਾ ਦੀ ਵਾਰ ਦੇ ਗਾਇਨ ਉਪ੍ਰੰਤ ਸਮੂਹ ਸੰਗਤ ਨੂੰ ਅੰਮ੍ਰਿਤਸਰ ਵੱਲ ਰਵਾਨਾ ਹੋਣ ਦਾ ਆਦੇਸ਼ ਦਿੱਤਾ। ਬਾਬਾ ਬੁੱਢਾ ਜੀ ਨੇ 'ਗ੍ਰੰਥ' ਜੀ ਨੂੰ ਆਪਣੇ ਸਿਰ 'ਤੇ ਚੁੱਕ ਲਿਆ ਤੇ ਗੁਰੂ ਸਾਹਿਬ ਪਿੱਛੇ-ਪਿੱਛੇ ਚੌਰ ਕਰਦੇ ਤੁਰ ਪਏ। ਆਪ ਦੇ ਪਿੱਛੇ ਸਿੱਖ ਸੰਗਤਾਂ ਸ਼ਬਦ ਪੜ੍ਹਦੀਆਂ ਚਲ ਰਹੀਆਂ

ਸਨ। ਇਸ ਤਰ੍ਹਾਂ ਗ੍ਰੰਥ ਜੀ ਨੂੰ ਪੂਰਨ ਸਨਮਾਨ ਨਾਲ, ਜਲੂਸ ਦੀ ਸ਼ਕਲ ਵਿੱਚ 'ਹਰਿਮੰਦਰ' ਜੀ ਵਿਖੇ ਪਹੁੰਚਾਇਆ। ਇਸ ਤਰ੍ਹਾਂ ਭਾਦੋਂ ਸੁਦੀ ਏਕਮ 1661 ਬਿ. 16 ਅਗਸਤ 1604 ਈ. (ਨਾਨਕਸ਼ਾਹੀ ਜੰਤਰੀ ਅਨੁਸਾਰ 17 ਭਾਦੋਂ) ਨੂੰ ਗ੍ਰੰਥ ਜੀ ਦਾ ਪ੍ਰਕਾਸ਼ ਹਰਿਮੰਦਰ ਜੀ ਵਿਖੇ ਕੀਤਾ ਗਿਆ। ਬਾਬਾ ਬੁੱਢਾ ਜੀ ਨੇ ਮੁੱਖ ਵਾਕ ਲਿਆ ਜਦਕਿ ਗੁਰੂ ਅਰਜਨ ਸਾਹਿਬ ਪਿੱਛੇ ਖੜ੍ਹੇ ਚੌਰ ਕਰਦੇ ਰਹੇ। ਉਸ ਵਕਤ ਦਾ ਮੁੱਖ ਵਾਕ ਸੀ-

**ਸੰਤਾ ਕੇ ਕਾਰਜ ਆਪਿ ਖਲੋਇਆ**
**ਹਰਿ ਕੰਮੁ ਕਰਾਵਣਿ ਆਇਆ ਰਾਮੁ ॥** (ਪੰਨਾ 783)

ਉਪ੍ਰੰਤ ਗੁਰੂ ਅਰਜਨ ਸਾਹਿਬ ਨੇ ਆਦੇਸ਼ ਦਿੱਤਾ ਕਿ ਦਿਨ ਵਕਤ 'ਗ੍ਰੰਥ' ਜੀ 'ਹਰਿਮੰਦਰ' ਜੀ ਵਿਖੇ ਬਿਰਾਜਮਾਨ ਹੋਣਗੇ ਜਦਕਿ ਰਾਤ ਨੂੰ 'ਰਹਰਾਸਿ' ਦੇ ਗਾਇਨ ਉਪ੍ਰੰਤ ਉਨ੍ਹਾਂ (ਗੁਰੂ ਸਾਹਿਬ) ਦੇ ਕਮਰੇ ਜੋ ਕਿ ਗੁਰੂ ਕੇ ਮਹਿਲ ਵਿੱਚ ਸੀ, ਵਿਸ਼ਰਾਮ ਵਾਸਤੇ ਲਿਜਾਇਆ ਜਾਵੇਗਾ। ਯੋਜਨਾ ਅਨੁਸਾਰ 'ਰਹਰਾਸਿ' ਦੇ ਉਪ੍ਰੰਤ ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ ਤੇ 'ਗ੍ਰੰਥ' ਜੀ ਨੂੰ ਆਪਣੇ ਸਿਰ ਤੇ ਚੁੱਕ ਲਿਆ ਤੇ ਗੁਰੂ ਕੇ ਮਹਿਲ ਵੱਲ ਚੱਲ ਪਏ। ਗੁਰੂ ਸਾਹਿਬ ਤੇ ਬਾਕੀ ਸੰਗਤ ਉਨ੍ਹਾਂ ਦੇ ਪਿੱਛੇ-ਪਿੱਛੇ ਸ਼ਬਦ ਪੜ੍ਹਦੀ ਜਾ ਰਹੀ ਸੀ। ਗੁਰੂ ਕੇ ਮਹਿਲ ਪਹੁੰਚ ਕੇ, ਨਿਸ਼ਚਿਤ ਅਸਥਾਨ ਉੱਚ-ਆਸਨ 'ਤੇ ਗ੍ਰੰਥ ਜੀ ਨੂੰ ਰੱਖਿਆ ਗਿਆ ਜਦਕਿ ਗੁਰੂ ਅਰਜਨ ਸਾਹਿਬ ਆਪ ਜ਼ਮੀਨ 'ਤੇ ਸੁੱਤੇ।

ਰੋਜ਼ਾਨਾ ਦਿਨ ਚੜ੍ਹਨ ਤੋਂ ਪਹਿਲਾਂ 'ਗ੍ਰੰਥ' ਜੀ ਨੂੰ ਪੂਰਨ ਸਨਮਾਨ ਨਾਲ 'ਹਰਿਮੰਦਰ' ਜੀ ਵਿਖੇ ਲਿਜਾ ਕੇ ਪ੍ਰਕਾਸ਼ ਕੀਤਾ ਜਾਂਦਾ ਤੇ ਸ਼ਾਮ ਨੂੰ ਵਿਸ਼ਰਾਮ ਲਈ ਗੁਰੂ ਕੇ ਮਹਿਲ ਲਿਜਾਇਆ ਜਾਂਦਾ। ਅੱਜ ਕੱਲ੍ਹ ਗ੍ਰੰਥ ਸਾਹਿਬ ਨੂੰ ਇਸੇ ਪਰੰਪਰਾ ਦੇ ਅਨੁਰੂਪ ਅਕਾਲ ਤਖਤ 'ਤੇ ਨਿਸ਼ਚਿਤ ਕਮਰੇ ਵਿੱਚ ਲਿਜਾਇਆ ਜਾਂਦਾ ਹੈ। ਜਦ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ' ਨੂੰ ਗੁਰੂਤਾ ਪ੍ਰਦਾਨ ਕੀਤੀ ਹੈ, ਸਿੱਖਾਂ ਵੱਲੋਂ ਇਸ ਨੂੰ ਉਹੀ ਸਨਮਾਨ ਦਿੱਤਾ ਜਾਂਦਾ ਹੈ ਜੋ 'ਗੁਰੂ' ਦਾ ਸੀ। ਹੁਣ ਸਿੱਖਾਂ ਲਈ ਉਪਾਸਨਾ ਦਾ ਕੇਂਦਰ ਇਹੀ ਹੈ। ਗੁਰਦੁਆਰਾ ਤਾਂ ਹੀ ਗੁਰਦੁਆਰਾ ਹੈ ਜੇਕਰ ਉਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਸੁਭਾਇਮਾਨ ਹਨ। ਗੁਰਦੁਆਰੇ ਦੀ ਇਮਾਰਤ ਵਿੱਚ ਮੂਰਤੀ ਪੂਜਾ ਦੀ ਕੋਈ ਥਾਂ ਨਹੀਂ। ਅੰਮ੍ਰਿਤ ਵੇਲੇ, ਪੂਰਨ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਜੀਦਾ ਉਚ ਆਸਣ 'ਤੇ, ਚੰਦੋਏ ਹੇਠ, ਕੀਮਤੀ ਤੇ ਸਵੱਛ ਪੁਸ਼ਾਕ ਪਹਿਨਾ ਕੇ ਪ੍ਰਕਾਸ਼ ਕੀਤਾ ਜਾਂਦਾ ਹੈ ਤੇ ਮੁੱਖ ਵਾਕ ਲਿਆ ਜਾਂਦਾ ਹੈ। ਸੰਗਤ ਗੁਰੂ ਸਾਹਿਬ ਦੀ ਹਾਜ਼ਰੀ ਵਿੱਚ ਇਕੱਤਰ ਹੁੰਦੀ ਹੈ। ਗ੍ਰੰਥੀ ਸਿੰਘ ਜਾਂ ਕੋਈ ਵੀ ਸਿੰਘ ਹਾਜ਼ਰ ਸੰਗਤ ਵਿੱਚ ਗੁਰੂ ਸਾਹਿਬ ਦੀ ਤਾਬਿਆ ਬੈਠ ਕੇ ਚੌਰ ਝੁਲਾਂਵਦਾ ਹੈ। ਰਾਗੀ ਸਿੰਘ ਕੀਰਤਨ ਕਰਦੇ ਰਹਿੰਦੇ ਹਨ। ਸੰਗਤ ਆਉਂਦੀ ਤੇ ਨਮਸਕਾਰ ਕਰਕੇ ਬੈਠਦੀ ਜਾਂਦੀ ਹੈ। ਕੀਰਤਨ ਦੀ ਸਮਾਪਤੀ ਉਪਰੰਤ ਸਾਰੀ ਹਾਜ਼ਰ ਸੰਗਤ ਹੱਥ ਜੋੜ ਕੇ ਗੁਰੂ ਸਾਹਿਬਾਨ ਸਾਹਮਣੇ ਖੜ੍ਹ ਜਾਂਦੀ ਹੈ। ਗ੍ਰੰਥੀ ਸਿੰਘ ਜਾਂ ਸੰਗਤ 'ਚੋਂ ਕੋਈ ਵੀ ਸਿੰਘ ਅਰਦਾਸ ਕਰਦਾ ਹੈ। ਫਿਰ ਹੁਕਮ ਲਿਆ ਜਾਂਦਾ ਹੈ ਤੇ ਸਾਰੀ ਸੰਗਤ ਆਪੋ ਆਪਣੇ ਕੰਮਾਂ-ਕਾਰਾਂ ਵਿੱਚ ਲੱਗ ਜਾਂਦੀ ਹੈ। ਸ਼ਾਮ ਨੂੰ ਰਹਰਾਸਿ ਦੇ ਗਾਇਨ ਉਪ੍ਰੰਤ ਸੁਖ-ਆਸਣ ਕਰਕੇ ਵਿਸ਼ਰਾਮ ਲਈ ਗੁਰੂ ਸਾਹਿਬ ਨੂੰ ਨਿਸ਼ਚਿਤ ਜਗ੍ਹਾ 'ਤੇ ਲਿਜਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਮੁਖੀ ਲਿਪੀ ਵਿੱਚ ਲਿਖਿਆ ਗਿਆ ਹੈ ਪਰ ਇਸ ਵਿੱਚ ਕੇਵਲ ਇਕ ਹੀ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਗਈ। ਗੁਰੂ ਸਾਹਿਬਾਨ ਦੇ ਜ਼ਿਆਦਾਤਰ ਸ਼ਬਦ 15ਵੀਂ, 16ਵੀਂ, ਤੇ 17ਵੀਂ ਸਦੀ ਦੀ ਪੰਜਾਬੀ ਭਾਸ਼ਾ ਵਿੱਚ ਹਨ। ਹਿੰਦੂ ਭਗਤਾਂ ਤੇ ਮੁਸਲਮਾਨ ਸੂਫੀਆਂ ਦੀਆਂ ਰਚਨਾਵਾਂ 'ਚ ਹਿੰਦੀ, ਮਰਾਠੀ, ਗੁਜਰਾਤੀ, ਫਾਰਸੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦੀ ਜ਼ਿਆਦਾ ਵਰਤੋਂ ਕੀਤੀ ਗਈ ਹੈ। ਕਈ ਵਿਦਵਾਨ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਸ਼ਾ ਨੂੰ 'ਸੰਤ ਭਾਸ਼ਾ' ਵੀ ਆਖਦੇ ਹਨ ਜੋ ਆਮ ਲੋਕਾਂ ਦੀ ਬੋਲੀ ਦੇ ਕਾਫੀ ਨੇੜੇ ਸੀ।

ਨਿਰਸੰਦੇਹ, ਗੁਰੂ ਗ੍ਰੰਥ ਸਾਹਿਬ ਜੀ ਦਾ ਵਿਸ਼ਾ ਅਧਿਆਤਮਕ ਹੈ ਪਰ ਇਸ ਦੀ ਇਤਿਹਾਸਕ ਤੇ ਸਾਹਿਤਕ ਵਿਸ਼ੇਸ਼ਤਾ ਵੀ ਘੱਟ ਨਹੀਂ। ਬੇਸ਼ੱਕ ਇਸ ਵਿੱਚ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਨਹੀਂ ਦਿੱਤੇ ਗਏ ਤੇ ਨਾ ਹੀ ਉਸ ਵਕਤ ਦੀ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ ਅਵਸਥਾ ਦਾ ਸਿੱਧਾ ਉਲੇਖ ਹੈ। ਫਿਰ ਵੀ ਇਸ ਦੇ ਡੂੰਘੇ ਤੇ ਸੁਚੇਤ ਅਧਿਐਨ ਤੋਂ 16ਵੀਂ ਤੇ 17ਵੀਂ ਸਦੀ ਦੇ ਪੰਜਾਬੀ, ਭਾਰਤੀ ਸਮਾਜ ਦੀਆਂ ਸਮਾਜਿਕ, ਧਾਰਮਿਕ ਰਾਜਨੀਤਿਕ ਤੇ ਆਰਥਿਕ ਪ੍ਰਸਥਿਤੀਆਂ ਦਾ ਭਰਪੂਰ ਗਿਆਨ ਪ੍ਰਾਪਤ ਹੁੰਦਾ ਹੈ। ਸਾਹਿਤਕ ਤੇ ਸੰਗੀਤ ਕਲਾ ਦੇ ਪੱਖ ਤੋਂ ਵੀ ਇਹ ਆਪਣੇ ਆਪ ਵਿੱਚ ਇਕ ਸਰਵ-ਉੱਚ ਕਲਾ-ਕ੍ਰਿਤੀ ਹੈ। ਇਸ ਤੋਂ ਇਲਾਵਾ ਇਸ ਦਾ ਵਿਸ਼ਵ-ਵਿਆਪੀ ਸਰੂਪ, ਇਸ ਨੂੰ ਸੰਸਾਰ ਦੇ ਮਹਾਨ ਧਾਰਮਿਕ ਗ੍ਰੰਥਾਂ ਵਿੱਚੋਂ ਸ੍ਰੇਸ਼ਟਤਾ ਪ੍ਰਦਾਨ ਕਰਦਾ ਹੈ।

● ● ●

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਸ਼ਬਦ ਗੁਰੂ ਸੁਰਤਿ ਧੁਨਿ ਚੇਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ






**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅ.ਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**


ਮੱਧਕਾਲੀਨ ਭਾਰਤ ਦੇ ਸੱਭਿਆਚਾਰਕ ਇਤਿਹਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਯੋਗਦਾਨ ਅਦੁੱਤੀ ਮਹੱਤਵ ਦਾ ਧਾਰਨੀ ਹੈ। ਪੰਜਾਬੀ ਸਾਹਿਤ ਅਧਿਐਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਸਾਹਿਤ' ਦੀ ਥਾਂ 'ਬਾਣੀ' ਦੀ ਕੋਟੀ ਵਿਚ ਰੱਖਿਆ ਗਿਆ ਹੈ। ਇਸ ਵਿਚ ਸੰਕਲਿਤ ਬਾਣੀ ਨੂੰ ਸਿੱਖ ਚਿੰਤਨ ਦੀ ਆਧਾਰਸ਼ਿਲ੍ਹਾ ਮੰਨਿਆ ਗਿਆ ਹੈ। "ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨੁੱਖੀ ਭਾਈਚਾਰੇ ਦੀ ਰੂਹਾਨੀ ਤੇ ਨੈਤਿਕ ਅਗਵਾਈ ਲਈ ਲਿਖਤੀ ਪਾਠ ਦੇ ਮਹੱਤਵ ਨੂੰ ਪਛਾਣਦਿਆਂ ਇਕ ਵੱਡ ਅਕਾਰੀ ਪਾਠ-ਸੰਗ੍ਰਹਿ ਤਿਆਰ ਕਰਨ ਦਾ ਉਪਰਾਲਾ ਕੀਤਾ। ਇਸ ਮੰਤਵ ਦੀ ਪੂਰਤੀ ਲਈ ਉਨ੍ਹਾਂ ਨੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪਣੀ ਬਾਣੀ ਅਤੇ ਆਪਣੇ ਪੂਰਬਵਰਤੀ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ-ਨਾਲ ਮੱਧਕਾਲੀਨ ਭਾਰਤ ਦੇ ਪ੍ਰਮੁੱਖ ਸੰਤਾਂ, ਭਗਤਾਂ ਦੀ ਬਾਣੀ ਨੂੰ ਸ਼ਾਮਲ ਕਰ ਲਿਆ, ਜਿਸ ਵਿਚ ਵਿਸ਼ਵ ਦ੍ਰਿਸ਼ਟੀ ਅਤੇ ਜੀਵਨ-ਜਾਚ ਦੀ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਸ ਵਿਚ ਧਰਮ, ਕੌਮ, ਜਾਤ-ਬਰਾਦਰੀ, ਫਿਰਕੇ, ਭਾਸ਼ਾ ਜਾਂ ਖਿੱਤੇ ਦੇ ਆਧਾਰ ਉੱਤੇ ਕੋਈ ਵਿਤਕਰਾ ਨਹੀਂ ਕੀਤਾ ਗਿਆ ਸਗੋਂ ਉਦਾਰ ਭਾਵਨਾ ਨਾਲ ਸਭ ਨੂੰ ਬਰਾਬਰ ਮੰਨਿਆ ਗਿਆ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਮੱਧਕਾਲੀਨ ਭਾਰਤ ਦੇ ਕ੍ਰਾਂਤੀਕਾਰੀ ਸ਼ਬਦ-ਸੱਭਿਆਚਾਰ ਦੀ ਪ੍ਰਤਿਨਿਧਤਾ ਕਰਨ ਵਾਲਾ ਅਤੇ ਸਮੁੱਚੀ ਮਾਨਵ ਜਾਤੀ ਨੂੰ ਸਾਂਝੀਵਾਲਤਾ ਦੇ ਸੂਤਰ ਵਿਚ ਪ੍ਰੋਣ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਹੋ ਨਿਬੜਦਾ ਹੈ।"

ਸੋਲਵੀਂ ਸਦੀ ਦਾ ਮਹਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਭਾਸ਼ਾ, ਸਾਹਿਤ, ਧਰਮ, ਸਮਾਜ ਅਤੇ ਦਰਸ਼ਨ ਦੇ ਅਧਿਐਨ ਦੀਆਂ ਸੰਭਾਵਨਾਵਾਂ ਦਾ ਸਰੋਤ ਵੀ ਬਣਿਆ ਹੋਇਆ ਹੈ। ਇਸ ਦੇ ਸਮੂਹ ਬਾਣੀਕਾਰ ਮੱਧਕਾਲੀਨ ਭਾਰਤ ਦੇ ਉਨ੍ਹਾਂ ਕ੍ਰਾਂਤੀਕਾਰੀ ਧਰਮ-ਪ੍ਰਵਰਤਕਾਂ ਵਿੱਚੋਂ ਹਨ ਜਿਨ੍ਹਾਂ ਨੇ ਆਪਣੇ ਸਿਰਜਿਤ ਪ੍ਰਵਚਨ ਰਾਹੀਂ ਧਰਮ, ਸਮਾਜ ਅਤੇ ਸੱਭਿਆਚਾਰ ਦੇ ਖੇਤਰ ਵਿਚ ਨਵ-ਜਾਗ੍ਰਿਤੀ ਦੀ ਲਹਿਰ ਨੂੰ ਸੰਗਠਿਤ ਕਰਨ ਦਾ ਉਪਰਾਲਾ ਕੀਤਾ। ਸੱਭਿਆਚਾਰਕ ਨਵ-ਜਾਗ੍ਰਿਤੀ ਦੀ ਇਸ ਲਹਿਰ ਨੇ ਸੇਵਾ ਦੇ ਰੂਹਾਨੀ ਅਰਥਾਂ ਨੂੰ ਉਜਾਗਰ ਕਰਦਿਆਂ ਸਾਂਝ ਅਤੇ ਸੁਮੇਲ ਉੱਤੇ ਬਲ ਦੇਣ ਵਾਲੀ ਉਦਾਰ ਮਾਨਵਵਾਦੀ ਭਾਵਨਾ ਦਾ ਪ੍ਰਸਾਰ ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਬਾਣੀ ਨੂੰ ਧੁਰ ਕੀ ਬਾਣੀ ਕਿਹਾ ਗਿਆ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ, **"ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥"**

ਗੁਰ-ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਮਾਝੇ ਦੇ ਇਤਿਹਾਸਿਕ ਨਗਰ 'ਬਾਬਾ ਬਕਾਲਾ' ਵਿੱਚ 22 ਭੇਖੀ ਗੁਰੂ ਆਪੋ ਆਪਣੀ ਪੂਜਾ ਕਰਵਾਉਣਾ ਅਤੇ ਦਸਵੰਧ ਛੱਕਣ ਲਈ ਮੰਜੀਆਂ ਡਾਹ ਕੇ ਬੈਠ ਗਏ ਸਨ। ਉਸ ਸਮੇਂ, ਗੁਰੂ ਘਰ ਦੇ ਇੱਕ ਅਨਿੰਨ ਸ਼ਰਧਾਲੂ ਗੁਰਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਜੀ ਨੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇਕਾਂਤ ਵਿੱਚੋਂ ਟੋਲਿਆ, ਪਰਖਿਆ ਅਤੇ ਹੂਕ ਭਰਿਆ ਹੋਕਾ ਦਿੱਤਾ : "ਗੁਰ ਲਾਧੋ ਰੇ ! ਗੁਰੂ ਲਾਧੋ ਰੇ !! ਗੁਰੂ ਲਾਧੋ ਰੇ !!!" ਗੁਰਸਿੱਖ ਦੇ ਮਨ ਵਿੱਚੋਂ ਨਿਕਲੀ ਹੂਕਨੁਮਾ ਹਾਕ ਨੇ ਸਾਰੀ ਸੰਗਤ ਨੂੰ ਖਿੱਚ ਲਿਆ ਅਤੇ ਭੇਖੀ ਗੁਰੂ ਬੋਰੀਆਂ-ਬਿਸਤਰਾ ਲਪੇਟ ਕੇ ਆਪੋ ਆਪਣੇ ਡੇਰੇਨੁਮਾ ਦਾਇਰਿਆਂ ਦੀਆਂ ਚਾਰ-ਦਵਾਰੀਆਂ ਵਿਚ ਜਾ ਵੜੇ।

ਸਿੱਖ ਜਗਤ ਦੀ ਹਾਲਤ ਅੱਜ ਵੀ ਕੁਝ ਉਹੋ-ਜਿਹੀ ਹੈ। ਪ੍ਰਤੱਖ ਗੁਰੂ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਜ਼ਰਾ-ਹਜ਼ੂਰ ਅਤੇ ਜ਼ਾਹਰਾ-ਜ਼ਹੂਰ ਹੁੰਦਿਆਂ, ਕਈ ਭੇਖੀ ਤਰ੍ਹਾਂ-ਤਰ੍ਹਾਂ ਦੇ ਅੰਡਬਰ ਰੱਚ ਕੇ, ਗੋਲਮੋਲ ਘੋਟਵੀਆਂ ਦਸਤਾਰਾਂ ਸਜਾ ਕੇ, ਲੰਮੇ-ਲੰਮੇ ਚੋਲੇ ਪਾ ਕੇ, ਭੀੜੀਆਂ ਪਜਾਮੀਆਂ ਦੀ ਨੁਮਾਇਸ਼ ਕਰਕੇ, ਮਣਕੇ ਤੇ ਮਣਕਾ ਠਾਹ ਮਣਕਾ ਦਾ ਮਾਲਾ-ਜਾਪ ਦਿਖਾ ਕੇ, ਹੱਥਾਂ ਤੇ ਸਰਹੋਂ ਜਮਾਉਣ ਵਾਂਗ ਮਦਾਰੀਆਂ ਵਾਲਾ ਪਾਖੰਡ ਪ੍ਰਗਟਾ ਕੇ, ਵੱਡੀਆਂ ਵੱਡੀਆਂ ਡੇਰੇਨੁਮਾ ਆਧੁਨਿਕ ਕਾਲੋਨੀਆਂ ਉਸਾਰ ਕੇ, ਗੁਰਬਾਣੀ ਦੇ ਅਰਥਾਂ ਨਾਲ ਅਨੱਰਥ ਕਰ ਕੇ, **'ਕੰਨਾ-ਮੰਨਾ ਕੁਰ, ਤੂੰ ਮੇਰਾ ਚੇਲਾ ਮੈਂ ਤੇਰਾ ਗੁਰ'** ਆਖ ਕੇ ਆਪਣੇ ਗੁਰੂ ਹੋਣ ਦਾ ਝਾਉਲਾ ਦਿੰਦੇ ਹੋਏ, ਆਪਣੇ ਹਲਵੇ-ਮਾਂਡੇ ਦਾ ਪ੍ਰਬੰਧ ਕਰੀ ਬੈਠੇ ਹਨ। ਅੱਜ ਵੀ ਭਾਈ ਮੱਖਣ ਸ਼ਾਹ ਵਾਂਗ ਹਜ਼ਾਰਾਂ ਗੁਰਸਿੱਖ : **'ਗੁਰੂ ਸ਼ਬਦ ਹੈ', 'ਗੁਰੂ ਪ੍ਰਤੱਖ ਹੈ', ਗੁਰੂ ਗ੍ਰੰਥ ਹੈ', 'ਗੁਰਬਾਣੀ ਹੀ ਗੁਰੂ ਹੈ' 'ਪੋਥੀ ਪਰਮੇਸਰ ਕਾ ਥਾਨ ਹੈ'** ਦਾ ਹੋਕਾ ਦੇ ਰਹੇ ਹਨ, ਪਰ ਅਫਸੋਸ-ਦਰ-ਅਫਸੋਸ ਇਹ ਕਿ ਉਨ੍ਹਾਂ ਦੀ ਕਹੀ ਨੂੰ ਸੁਣ ਕੇ ਮੰਨ ਕੋਈ ਨਹੀਂ ਰਿਹਾ। ਫਲਸਰੂਪ ਦੇਹਧਾਰੀ ਗੁਰੂ-ਪਰਪੰਚ

ਬਾਦਸਤੂਰ ਕਾਇਮ ਹੈ। ਇਹ ਡੰਮੀ ਗੁਰੂ, ਰੱਤ ਪੀਣੀਆਂ ਜੋਕਾਂ ਵਾਂਗ ਕੌਮ ਦੇ ਪਿੰਡੇ ਤੇ ਚਿੰਬੜੇ ਹੋਏ ਹਨ। ਸਾਡੀ ਅਗਿਆਨਤਾ ਅਤੇ ਅੰਨ੍ਹੀ ਸ਼ਰਧਾ ਕਾਰਣ ਦੰਭੀ ਗੁਰੂ ਖੁਸ਼ ਹਨ, ਮਾਲਾਮਾਲ ਹੋ ਰਹੇ ਹਨ, ਘਿਉ ਦੇ ਦੀਵੇ ਜਗਾ ਰਹੇ ਹਨ ਅਤੇ ਅਸੀਂ ਆਪਣੀ ਹੀ ਬਰਬਾਦੀ ਦੇ ਭਾਂਬੜ ਵਿੱਚ ਤੇਲ ਪਾ ਕੇ ਫੂਕਾਂ ਮਾਰ ਰਹੇ ਹਾਂ। ਸਾਡੀ ਤਬਾਹੀ ਉੱਤੇ ਡੰਮੀ ਗੁਰੂ ਅਤੇ ਉਨ੍ਹਾਂ ਦੇ ਪਾਲਤੂ ਬਟੇਰੇ ਹੱਸ ਰਹੇ ਹਨ। ਨਿੱਤ ਨਵੇਂ ਦਿਨ ਕੋਈ ਨਵਾਂ ਪਾਖੰਡੀ 'ਡੰਮੀ ਗੁਰੂ' ਬਣ ਕੇ ਉੱਠ ਖਲੋਂਦਾ ਹੈ ਅਤੇ ਖਾਲਸਾ ਪੰਥ ਨੂੰ ਵੰਗਾਰਨ ਲਗਦਾ ਹੈ। ਇਨ੍ਹਾਂ ਤਰਸਯੋਗ ਪ੍ਰਸਥਿਤੀਆਂ ਵਿੱਚ ਜਦੋਂ **'ਆਧੇਰੈ ਰਾਹ ਨ ਕੋਈ'** ਦਿੱਸ ਰਿਹਾ ਹੋਵੇ ਤਾਂ **'ਅਗਾਂਹ ਕੂ ਤ੍ਰਾਂਘਣ'** ਲਈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ ਤੋਂ ਪ੍ਰਗਟੇ ਰੱਬੀ ਬੋਲਾਂ ਤੋਂ ਅਗਵਾਈ ਪ੍ਰਾਪਤ ਕਰਨੀ ਨਿਹਾਇਤ ਜ਼ਰੂਰੀ ਜਾਪਦੀ ਹੈ। ਬਿਨਾਂ ਕਿਸੇ ਸ਼ਕੇ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਇਹ ਹੀ ਹੈ ਕਿ ਪ੍ਰਭੂ-ਪਰਮਾਤਮਾ ਦੇ ਲੜ ਸਿਰਫ ਸੱਚਾ ਸਤਿਗੁਰੂ ਹੀ ਜੋੜ ਸਕਦਾ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਪੂਰੇ ਗੁਰੂ ਦੀ ਰਹਿਨੁਮਾਈ ਤੋਂ ਬਗੈਰ ਕੋਈ ਇਨਸਾਨ ਆਤਮਿਕ ਮਾਰਗ ਦਾ ਪੰਧਾਊ ਵੀ ਨਹੀਂ ਬਣ ਸਕਦਾ। ਆਤਮਿਕ ਜੀਵਨ ਦੀਆਂ ਮੰਜ਼ਿਲਾਂ ਛੂਹਣਾ ਤਾਂ ਨਾਮੁਮਕਿਨ ਬਾਤ ਹੈ। ਗੁਰੂ ਬਾਬੇ ਦੇ ਫੁਰਮਾਨ ਹਨ:

**"ਬਿਨੁ ਸਤਿਗੁਰ ਕਿਨੈ ਨ ਪਾਇਓ,**
**ਬਿਨੁ ਸਤਿਗੁਰ ਕਿਨੈ ਨ ਪਾਇਆ॥**
**ਸਤਿਗੁਰ ਵਿਚਿ ਆਪੁ ਰਖਿਓਨੁ,**
**ਕਰਿ ਪਰਗਟੁ ਆਖਿ ਸੁਣਾਇਆ॥'**

....... ........... ........

**'ਗੁਰੁ ਦੇਵਾ ਗੁਰੁ ਅਲਖ ਅਭੇਵਾ॥**
**ਤ੍ਰਿਭਵਣ ਸੋਝੀ ਗੁਰ ਕੀ ਸੇਵਾ॥'**

ਗੁਰੂ ਸਾਹਿਬ ਦਾ ਫੈਸਲਾ ਅਟੱਲ ਹੈ। ਗੁਰੂ ਜੀ ਦੀ ਮੋਹਰ ਅਮਿੱਟ ਹੈ। ਸਿਧ ਗੋਸ਼ਟਿ ਵਿੱਚ ਗੁਰਦੇਵ ਜੀ ਦਾ ਫੁਰਮਾਨ ਹੈ: **"ਬਿਨੁ ਗੁਰ ਭਰਮੈ ਆਵੈ ਜਾਇ॥ ਬਿਨੁ ਗੁਰ ਘਾਲ ਨਾ ਪਵਈ ਥਾਇ॥ ਬਿਨੁ ਗੁਰ ਮਨੂਆ ਅਤਿ ਡੁਲਾਇ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ॥ ਬਿਨੁ ਗੁਰ ਬਿਸੀਅਰ ਡਸੈ ਮਰਿ ਵਾਟ॥ ਨਾਨਕ ਗੁਰ ਬਿਨ ਘਾਟੇ ਘਾਟ॥"**

ਗੁਰੂ ਦੀ ਲੋੜ ਨੂੰ ਨਿਹਾਇਤ ਜ਼ਰੂਰੀ ਦਰਸਾ ਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਭੀ ਸਪੱਸ਼ਟ ਕਰ ਦਿੱਤਾ ਕਿ 'ਗੁਰੂ' ਕਹਿਣ-ਕਹਾਉਣ ਦਾ ਅਧਿਕਾਰ ਸਿਰਫ 'ਸ਼ਬਦ' ਨੂੰ ਹੀ ਹੈ। ਪੰਜ ਭੂਤਕ ਮਨੁੱਖੀ ਸਰੀਰ ਨੂੰ ਗੁਰੂ ਕਹਿਣਾ 'ਗੁਰੂ ਲਫਜ਼ ਦੀ ਨਿਰਾਦਰੀ ਕਰਨਾ ਹੈ। 'ਸ਼ਬਦ ਦਾ ਓਟ-ਆਸਰਾ ਲੈਣ ਦਾ ਸਾਨੂੰ ਹੁਕਮ ਹੈ। ਗੁਰੂ ਬਾਬੇ ਦਾ ਫੁਰਮਾਨ ਹੈ:

**"ਸ਼ਬਦੇ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ॥**
**ਬਿਨੁ ਸ਼ਬਦੇ ਜਗੁ ਭੁਲਾ ਫਿਰੈ ਮਰਿ ਜਨਮੈ ਵਾਰੋ ਵਾਰ॥"**

ਗੁਰ-ਇਤਿਹਾਸ ਦੇ ਹਵਾਲਿਆਂ ਮੁਤਾਬਿਕ ਫਰਵਰੀ 1538 ਈ: ਦੀ ਸ਼ਿਵਰਾਤਰੀ ਦੇ ਮੇਲੇ 'ਤੇ ਸਿੱਧਾਂ-ਨਾਥਾਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇੱਕ ਲੰਮੀ ਗਿਆਨ-ਚਰਚਾ ਹੋਈ। ਸਿੱਧਾਂ-ਨਾਥਾਂ ਨੇ ਗੁਰੂ ਨਾਨਕ ਸਾਹਿਬ ਤੋਂ ਅਨੇਕਾਂ ਸਵਾਲ ਪੁਛੇ ਅਤੇ ਗੁਰੂ ਸਾਹਿਬ ਨੇ ਬੜੇ ਭਾਵਪੂਰਤ ਸ਼ਬਦਾਂ ਵਿੱਚ ਉਨ੍ਹਾਂ ਦੇ ਹਰ ਸਵਾਲ ਦਾ ਢੁਕਵਾਂ ਜਵਾਬ ਦਿੱਤਾ। ਇਨ੍ਹਾਂ ਸਵਾਲਾਂ-ਜਵਾਬਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਮਕਲੀ ਰਾਗ ਵਿੱਚ ਉਚਾਰਿਆ ਅਤੇ ਬਾਣੀ ਨੂੰ ਨਾਮ ਦਿੱਤਾ, **"ਸਿੱਧ ਗੋਸ਼ਟਿ"**। ਇਸੇ ਬਾਣੀ ਵਿੱਚ ਸਿੱਧਾਂ ਦਾ ਇੱਕ ਪ੍ਰਸ਼ਨ ਹੈ:

**"ਕਵਣ ਮੂਲੁ ਕਵਣ ਮਤਿ ਵੇਲਾ॥**
**ਤੇਰਾ ਕਵਣੁ ਗੁਰੂ ਜਿਸ ਦਾ ਤੂ ਚੇਲਾ॥"**

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਵਾਬ ਹੈ:

**"ਪਵਨ ਅਰੰਭੁ ਸਤਿਗੁਰ ਮਤਿ ਵੇਲਾ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ॥"**

ਗੁਰੂ ਸਾਹਿਬ ਜਾਣਦੇ ਸਨ ਕਿ ਸਵਾਰਥੀ ਅਤੇ ਸ਼ਰਾਰਤੀ ਕਿਸਮ ਦੇ ਲੋਕ ਇਨ੍ਹਾਂ ਸ਼ਬਦਾਂ ਨੂੰ ਤੋੜ-ਮਰੋੜ ਕੇ ਮਨਭਾਉਂਦੇ ਅਰਥ ਕੱਢ ਕੇ ਆਪਣੀਆਂ ਵਿਹਲੜ ਗੋਗੜਾਂ ਨੂੰ ਝੁਲਕਾ ਦੇਣ ਦਾ ਉਪਰਾਲਾ ਕਰਨਗੇ, ਸੋ ਸ਼ਬਦ ਗੁਰੂ' ਦੇ ਇਸੇ ਸਿਧਾਂਤ ਨੂੰ ਗੁਰੂ ਸਾਹਿਬ ਨੇ 'ਸਿਧ ਗੋਸਟਿ' ਦੀ 59ਵੀਂ ਪਾਉੜੀ ਵਿੱਚ ਹੋਰ ਵੀ ਸਪੱਸ਼ਟ ਕਰ ਦਿੱਤਾ:

**"ਸ਼ਬਦਿ ਗੁਰੂ ਭਵਸਾਗਰੁ ਤਰੀਐ,**
**ਇਤ ਉਤ ਏਕੋ ਜਾਣੈ॥**
**ਚਿਰਨੁ ਵਰਨੁ ਨਹੀ ਛਾਇਆ ਮਾਇਆ,**
**ਨਾਨਕ ਸਬਦੁ ਪਛਾਣੈ॥"**

ਸਿਰੀ ਰਾਗ ਵਿੱਚ ਗੁਰੂ ਨਾਨਕ ਸਾਹਿਬ ਨੇ ਇੱਕ ਹੀ ਪੰਕਤੀ ਵਿੱਚ ਫੈਸਲਾ ਸੁਣਾ ਦਿੱਤਾ। ਗੁਰਵਾਕ ਹੈ: **"ਮਨ ਰੇ, ਸਬਦਿ ਤਰਹੁ ਚਿਤੁ ਲਾਇ॥"**

ਗੁਰੂ ਸਾਹਿਬ ਦੇ ਫੈਸਲਾਕੁੰਨ ਹੁਕਮਾਂ ਦੇ ਹੁੰਦਿਆਂ-ਸੁੰਦਿਆਂ ਵੀ ਅੱਜ ਬਹੁਤ ਸਾਰੇ ਸਿੱਖ 'ਸ਼ਬਦ ਗੁਰੂ' ਦਾ ਪੱਲਾ ਛੱਡ ਕੇ 'ਆਪੂ ਬਣੇ ਮਾਰਡਨ ਗੁਰੂਆਂ' ਦੀ ਪੂਛ ਪਕੜੀ ਬੈਠੇ ਹਨ। ਭੁਲੇਖੇ ਵਿੱਚ ਪਾਉਣ ਲਈ ਇਨ੍ਹਾਂ ਦੰਭੀ ਗੁਰੂਆਂ ਦੇ ਪਾਲਤੂ ਬਟੇਰਿਆਂ ਵੱਲੋਂ ਪਰਚਾਰਿਆ ਜਾਂਦਾ ਹੈ ਕਿ ਵਾਹਿਗੁਰੂ ਨਾਲ ਉਹ ਹੀ ਮਿਲਾ ਸਕਦਾ ਹੈ, ਜੋ ਉਸ ਨਾਲ ਜੁੜਿਆ ਹੋਵੇ। ਇਹ ਧਾਰਮਿਕਤਾ ਦੇ ਵੈਰੀ ਦੇਹਧਾਰੀਆਂ ਅਤੇਅਧਿਆਤਮਿਕਤਾ ਦੇ ਦੁਸ਼ਮਣ ਅਜੋਕੇ ਲੋਟੂਆਂ ਦੀ ਭੋਲੇ ਭਾਲੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਇੱਕ ਚਾਲ ਹੈ। ਸੱਚ ਤਾਂ ਇਹ ਹੈ ਕਿ 'ਗੁਰਬਾਣੀ' ਮਹਾਨ ਸਿੱਖ ਸਤਿਗੁਰਾਂ ਅਤੇ ਪਰਮਾਤਮ ਰੂਪ ਹੋਏ ਗੁਰ-ਪਰਵਾਨਤ ਭਗਤਾਂ ਦੀ ਵਾਹਿਗੁਰੂ ਨਾਲ ਹੋਈ ਇਕਮਿਕਤਾ ਅਤੇ ਅਭੇਦਤਾ ਦੀ ਉਪਜ ਅਥਵਾ ਅਨੁਭਵ ਹੈ। 'ਸ਼ਬਦ' ਜਿਥੇ ਵਾਹਿਗੁਰੂ-ਮਿਲਾਪ ਤੋਂ ਉਪਜੀ ਅਗੰਮੀ ਅਨਾਦੀ ਅਵਸਥਾ ਦਾ ਜ਼ਿਕਰ ਕਰਦਾ ਹੈ, ਉਥੇ ਵਾਹਿਗੁਰੂ-ਮਿਲਾਪ ਦੇ ਰਾਹ ਵਿੱਚ ਆਉਣ ਵਾਲੇ ਖਤਰਿਆਂ ਤੋਂ ਸੁਚੇਤ ਭੀ ਕਰਦਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਦੇ ਆਰੰਭ-ਕਾਲ ਤੱਕ 100 ਵਰ੍ਹਿਆਂ ਦੇ ਲੰਮੇ ਇਤਿਹਾਸ ਨੇ, ਜਦੋਂ 'ਦੇਹਧਾਰੀ ਗੁਰੂ' ਨਾਂ ਦੀ ਕੋਈ ਚੀਜ਼ ਨਹੀਂ ਸੀ, ਇਹ ਦੱਸ ਦਿੱਤਾ ਕਿ 'ਸ਼ਬਦ' ਤੋਂ ਅਗਵਾਈ ਲੈ ਕੇ ਸਿੰਘ ਕਿਸ ਤਰ੍ਹਾਂ ਵੱਡੀਆਂ ਤੋਂ ਵੱਡੀਆਂ ਮੁਸੀਬਤਾਂ ਦਾ ਟਾਕਰਾ ਕਰ ਸਕਦੇ ਹਨ। ਇਹ 'ਸ਼ਬਦ' ਹੀ ਸੀ, ਜਿਸ ਨੇ ਰੰਕਾਂ ਨੂੰ ਰਾਜੇ ਬਣਾ ਦਿੱਤਾ ਅਤੇ ਛੰਭਾਂ ਦੀਆਂ ਛੁਪਣਗਾਹਾਂ ਵਿੱਚ ਠਾਹਰਾਂ ਲੈਣ ਵਾਲੇ ਰਾਜਗੱਦੀਆਂ ਤੇ ਬਿਰਾਜਮਾਨ ਹੋਏ। 'ਸ਼ਬਦ ਗੁਰੂ' ਦੀ ਓਟ ਲੈ ਕੇ ਉਸ ਸਮੇਂ ਸਿੱਖਾਂ ਨੇ ਆਪਣੇ ਸਰੀਰਾਂ 'ਤੇ ਜਿਵੇਂ ਅਡੋਲ ਰਹਿ ਕੇ ਜੋ ਕਸ਼ਟ ਸਹਾਰੇ, ਉਹ ਆਪਣੀ ਮਿਸਾਲ ਆਪ ਹਨ। ਸ਼ਬਦ ਗੁਰੂ ਦੀ ਓਟ-ਆਸਰੇ ਰਹਿਣ ਵਾਲੇ ਸ਼ਰਧਾਲੂ ਗੁਰਸਿੱਖਾਂ ਨੂੰ ਸਮੇਂ ਦੀ ਜਾਬਰ ਹਕੂਮਤ ਵੱਲੋਂ

ਚਰਖੜੀਆਂ ਤੇ ਚਾੜ੍ਹ ਕੇ ਤੂੰਬਾ ਤੂੰਬਾ ਕੀਤਾ ਗਿਆ, ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ, ਜੰਬੂਰਾਂ ਨਾਲ ਮਾਸ ਨੋਚਿਆ ਗਿਆ, ਹਾਥੀਆਂ ਦੀਆਂ ਸੁੰਮਾਂ ਥੱਲੇ ਲਤਾੜਿਆ ਗਿਆ, ਘੋੜਿਆਂ ਮਗਰ ਬੰਨ ਕੇ ਘੜੀਸਿਆਂ ਗਿਆ, ਅੱਧਾ ਧੜ ਧਰਤੀ ਵਿੱਚ ਗੱਡ ਕੇ ਅੱਧਾ ਤੋਪਾਂ ਨਾਲ ਉਡਾਇਆ ਗਿਆ, ਬੱਚਿਆਂ ਦੇ ਟੋਟੇ ਕਰ ਕੇ ਹਾਰ ਮਾਵਾਂ ਦੇ ਗਲ ਵਿੱਚ ਪਾਏ ਗਏ, ਤਰ੍ਹਾਂ-ਤਰ੍ਹਾਂ ਦੇ ਭੂਮ-ਡਰਾਵਿਆਂ ਦੇ ਨਾਲ-ਨਾਲ ਵੱਡੇ-ਵੱਡੇ ਲੋਭ-ਲਾਲਚ ਵੀ ਦਿੱਤੇ ਗਏ, ਪ੍ਰੰਤੂ ਅਜਿਹੀ ਇੱਕ ਵੀ ਉਦਾਹਰਣ ਇਤਿਹਾਸ ਦੇ ਪੰਨਿਆਂ 'ਤੇ ਨਹੀਂ ਮਿਲਦੀ ਕਿ ਕੋਈ ਇੱਕ ਗੁਰਸਿੱਖ ਵੀ ਆਪਣੇ ਸ਼ਬਦ ਗੁਰੂ ਦੇ ਗੁਰਮਤ ਗਾਡੀ ਰਾਹ ਤੋਂ ਤਿਲਕਿਆ ਹੋਵੇ। ਏਅਰ ਕੰਡੀਸ਼ਨ ਗੱਡੀਆਂ ਝੂਟਣ ਵਾਲੇ, ਮਖ਼ਮਲੀ ਸੇਜਾਂ ਮਾਨਣ ਵਾਲੇ ਅਜੋਕੇ ਮਾਡਰਨ ਗੁਰੂ ਅਤੇ ਉਨ੍ਹਾਂ ਦੇ ਚੇਲੇ-ਚਾਟੜੇ ਤਾਂ ਅਜਿਹੇ ਕਸ਼ਟਾਂ ਦੇ ਨਾਂ-ਮਾਤਰ ਨਾਲ ਹੀ ਤ੍ਰਾਹ ਉੱਠਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖਵਾਈ ਅਤੇ ਭਾਈ ਮਨੀ ਸਿੰਘ ਜੀ ਵੱਲੋਂ ਲਿਖੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਇਸੇ ਦਮਦਮੀ ਬੀੜ ਦੇ ਉਤਾਰੇ ਨੂੰ ਗੁਰਗੱਦੀ ਦਿੱਤੀ ਗਈ। ਇਸੇ ਬੀੜ ਦੇ ਉਤਾਰੇ ਨੂੰ 'ਸ਼ਬਦ ਗੁਰੂ' ਮੰਨਣ ਦੇ ਹੁਕਮ ਹੋਏ। ਇਸੇ ਹੀ ਸ਼ਬਦ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਹੋਰ ਰੂਪ ਛਪ ਕੇ ਤਿਆਰ ਹੋਏ ਅਤੇ ਅੱਜ ਕੱਲ੍ਹ ਇਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸਭ ਸੰਗਤਾਂ ਵਿੱਚ ਪ੍ਰਚਲਤ ਹਨ।

ਇਸ ਸੰਸਾਰ ਵਿੱਚ 36 ਪਦਾਰਥ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇੱਕ ਐਸੇ ਰੂਹਾਨੀ ਥਾਲ ਵਾਂਗ ਪਰੋਸਿਆ ਗਿਆ, ਜਿਸ ਵਿੱਚ 36 ਪਦਾਰਥਾਂ ਵਾਂਗ 36 ਮਹਾਂਪੁਰਖਾਂ ਦੀ ਬਾਣੀ ਹੈ। ਇਹ ਪ੍ਰਭੂ-ਰੂਪ ਮਹਾਂਪੁਰਖ ਨਿਮਨਲਿਖਤ ਹਨ:

6 **ਸਿੱਖ ਗੁਰੂ ਸਾਹਿਬਾਨ** : ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ।

15 **ਪ੍ਰਭੂ-ਭਗਤ** : ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਤਿਰਲੋਚਨ ਜੀ, ਭਗਤ ਧੰਨਾ ਜੀ, ਭਗਤ ਸੈਨ ਜੀ, ਭਗਤ ਜੈਦੇਵ ਜੀ, ਭਗਤ ਪੀਪਾ ਜੀ, ਭਗਤ ਸੂਰਦਾਸ ਜੀ, ਬਾਬਾ ਫਰੀਦ ਜੀ, ਭਗਤ ਪ੍ਰਮਾਨੰਦ ਜੀ, ਭਗਤ ਸਧਨਾ ਜੀ, ਭਗਤ ਬੇਣੀ ਜੀ, ਭਗਤ ਰਾਮਾਨੰਦ ਜੀ, ਭਗਤ ਭੀਖਨ ਜੀ।

11 **ਭੱਟ** : ਕਲਸਹਾਰ ਜੀ, ਜਾਲਪ ਜੀ, ਕੀਰਤ ਜੀ, ਭਿਖਾ ਜੀ, ਸਲ ਜੀ, ਭਲ ਜੀ, ਨਲ ਜੀ, ਗਯੰਦ ਜੀ, ਮਥੁਰਾ ਜੀ, ਬਲ ਜੀ, ਹਰਿਬੰਸ ਜੀ।

4 **ਗੁਰਸਿੱਖ** : ਬਾਬਾ ਸੁੰਦਰ ਜੀ, ਭਾਈ ਮਰਦਾਨਾ ਜੀ, ਰਬਾਬੀ ਸਤੈ ਡੂਮਿ ਜੀ ਅਤੇ ਰਾਇ ਬਲਵੰਡ ਜੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਸਾਰੀ ਹੀ ਗੁਰਬਾਣੀ ਸਮੁੱਚੀ ਮਨੁੱਖਤਾ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰਨ ਲਈ ਹੈ। ਇਹ ਕਿਸੇ ਇੱਕ ਖਾਸ ਵਰਗ ਲਈ ਨਹੀਂ। ਸਾਰੀ ਗੁਰਬਾਣੀ ਅੰਮ੍ਰਿਤ ਰੂਪ ਹੈ ਅਤੇ ਜੋ ਵੀ ਪ੍ਰਾਣੀ ਇਸ ਉੱਤੇ ਸ਼ਰਧਾ ਧਾਰਦਾ ਹੈ, ਉਹ ਸੰਸਾਰ ਸਮੁੰਦਰ ਤੋਂ ਪਾਰ ਤਰ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 982 ਤੇ ਸ੍ਰੀ ਗੁਰੂ ਰਾਮਦਾਸ ਜੀ ਦਾ ਫ਼ੁਰਮਾਨ ਹੈ : **"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥"** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰੀ ਦੁਨੀਆਂ ਲਈ ਗਿਆਨ ਦਾ ਸਾਗਰ ਹੈ ਅਤੇ ਹਰ ਪ੍ਰਾਣੀ ਲਈ ਗਿਆਨ ਪ੍ਰਾਪਤ ਕਰਨ ਦਾ ਸੋਮਾ ਹੈ। ਸਾਗਰ ਦੇ ਗਹਿਰੇ ਤਲ ਵਿੱਚ ਹੀਰੇ-ਮੋਤੀ ਹੁੰਦੇ ਹਨ, ਤੱਟ ਉੱਤੇ ਘੋਗੇ-ਸਿੱਪੀਆਂ ਕੰਕਰ-ਪੱਥਰ ਅਤੇ ਸਤਹਿ ਉੱਤੇ ਲਹਿਰਾਂ ਹੁੰਦੀਆਂ ਹਨ। ਤੱਟ ਨੂੰ ਛੱਡ ਕੇ, ਲਹਿਰਾਂ ਨੂੰ ਚੀਰ ਕੇ ਸਾਗਰ ਦੀ ਡੂੰਘਾਈ ਵਿੱਚ ਜਾਇਆਂ ਹੀ ਹੀਰੇ ਮੋਤੀ ਪ੍ਰਾਪਤ ਹੋ ਸਕਦੇ ਹਨ। ਇਵੇਂ ਹੀ ਦਿਖਾਵੇ-ਪਾਖੰਡ ਦੀਆਂ ਚਤੁਰਾਈਆਂ ਦੇ ਤਲ ਨੂੰ ਛੱਡ ਕੇ, ਕਾਮ-ਕ੍ਰੋਧ-ਲੋਭ-ਮੋਹ-ਹੰਕਾਰ ਅਤੇ ਤ੍ਰਿਸ਼ਨਾ ਦੀਆਂ ਲਹਿਰਾਂ ਨੂੰ ਚੀਰ ਕੇ ਸੱਚੀ ਪ੍ਰੀਤ, ਅਥਾਹ ਸ਼ਰਧਾ ਅਤੇ ਦ੍ਰਿੜ ਵਿਸ਼ਵਾਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਡੂੰਘਾਈ ਨਾਲ ਵਿਚਾਰਿਆ ਗਿਆਨ ਦੇ ਅਨਮੋਲ ਹੀਰੇ ਪ੍ਰਾਪਤ ਹੁੰਦੇ ਹਨ। ਆਤਮ-ਰਸ ਅਤੇ ਸੱਚ ਦੀ ਪ੍ਰਾਪਤੀ ਹੁੰਦੀ ਹੈ। ਸੱਚ ਕੀ ਹੈ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੱਸਿਆ ਗਿਆ ਹੈ ਕਿ ਸੱਚ ਕੇਵਲ ਪਰਮਾਤਮਾ ਅਤੇ ਉਸ ਦਾ ਨਾਮ ਹੈ। ਬ੍ਰਹਿਮੰਡ ਦਾ ਮੁੱਢ ਪਰਮਾਤਮਾ ਹੈ, ਉਹ ਬ੍ਰਹਿਮੰਡ ਦੀ ਹੋਂਦ ਤੋਂ ਪਹਿਲਾਂ ਵੀ ਸੀ, ਆਰੰਭ ਵਿੱਚ ਵੀ ਸੀ, ਹੁਣ ਵੀ ਹੈ ਅਤੇ ਅਗਾਂਹ ਵੀ ਹੋਵੇਗਾ। ਗੁਰਬਾਣੀ ਦਾ ਫ਼ੁਰਮਾਨ ਹੈ, **"ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥"** ਵੱਖ-ਵੱਖ ਇਲਾਕਿਆਂ ਦੇ ਲੋਕ, ਵੱਖ-ਵੱਖ ਧਰਮਾਂ ਦੇ ਮਹਾਂਪੁਰਖ ਉਸ ਨੂੰ ਵੱਖ-ਵੱਖ ਨਾਵਾਂ ਨਾਲ ਪੁਕਾਰਦੇ ਹਨ, ਪਰ ਹੈ ਉਹ ਇੱਕ ਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 885 'ਤੇ ਪੰਜਵੇਂ ਪਾਤਸ਼ਾਹ ਦਾ ਫ਼ੁਰਮਾਨ ਹੈ, **"ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥ ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥"** ਸ੍ਰੀ ਗ੍ਰੰਥ ਸਾਹਿਬ ਜੀ ਵਿੱਚ ਪਰਮਾਤਮਾ ਦੇ ਸਰੂਪ ਦਾ ਵਰਨਣ ਕਰਦਿਆਂ ਫ਼ੁਰਮਾਇਆ ਗਿਆ ਹੈ, **"ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥ ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥"** ਭਾਵ ਕਿ ਉਹ ਪਰਮਾਤਮਾ ਆਪ ਹੀ ਸਭ ਰੂਪਾਂ ਵਾਲਾ ਹੈ, ਰੂਪ ਰਹਿਤ ਵੀ ਹੈ, ਅਕਾਰ ਰਹਿਤ ਵੀ ਹੈ, ਸੁੰਨ-ਸਮਾਧੀ ਵਿੱਚ ਵੀ ਆਪ ਵਰਤਦਾ ਸੀ ਅਤੇ ਸਾਰਾ ਪਸਾਰਾ ਵੀ ਉਸੇ ਦਾ ਹੈ। ਇਵੇਂ ਹੀ ਪ੍ਰਭੂ ਦੇ ਨਿਵਾਸ ਬਾਰੇ ਗੁਰਬਾਣੀ ਨੇ ਬੜਾ ਸਪੱਸ਼ਟ ਆਖਿਆ ਹੈ ਕਿ ਉਹ ਹਰ ਥਾਂ, ਹਰ ਪਲ ਵਰਤ-ਵਿਚਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 684 ਤੇ ਨੌਵੇਂ ਪਾਤਸ਼ਾਹ ਦਾ ਫ਼ੁਰਮਾਨ ਹੈ, **"ਪੁਹਪ ਮਧਿ ਜਿਉ ਬਾਸੁ ਬਸਤੁ ਹੈ, ਮੁਕਰ ਮਾਹਿ ਜੈਸੇ ਛਾਈ ॥ ਤੈਸੇ ਹੀ ਹਰਿ ਬਸੇ ਨਿਰੰਤਰ ਘਟ ਹੀ ਖੋਜੋ ਭਾਈ ॥"** ਜਿਵੇਂ ਫੁੱਲ ਵਿੱਚ ਸੁਗੰਧੀ ਵਸਦੀ ਹੈ, ਜਿਵੇਂ ਸ਼ੀਸ਼ੇ ਵਿੱਚ ਅਕਸ ਦਿੱਸਦਾ ਹੈ, ਤਿਵੇਂ ਪਰਮਾਤਮਾ ਸਭਨਾਂ ਅੰਦਰ ਵਸਦਾ ਹੈ। ਪਰਮਾਤਮਾ ਕਿਤਨਾ ਕੁ ਨੇੜੇ ਹੈ, ਇਸ ਬਾਰੇ ਗੁਰਬਾਣੀ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦਾ ਫ਼ੁਰਮਾਨ ਹੈ, **"ਸਰਬੇ ਏਕੁ ਅਨੇਕੈ ਸੁਆਮੀ, ਸਭ ਘਟ ਭੁਗਵੈ ਸੋਈ ॥ ਕਹਿ ਰਵਿਦਾਸ ਹਾਥ ਪੈ ਨੇਰੈ, ਸਹਜੇ ਹੋਇ ਸੁ ਹੋਈ ॥"** ਸਭਨਾਂ ਵਿੱਚ ਵੱਸਣ ਵਾਲੇ ਪ੍ਰਭੂ ਨੂੰ ਕਿਵੇਂ ਪਾਇਆ ਜਾ ਸਕਦਾ ਹੈ? ਗੁਰਬਾਣੀ ਨੇ ਅਗਵਾਈ ਦਿੱਤੀ ਹੈ ਕਿ ਪ੍ਰਭੂ ਨੂੰ ਆਪਣੇ ਹੀ ਅੰਤਰ-ਆਤਮੇ ਵਿੱਚੋਂ ਖੋਜਣਾ ਚਾਹੀਦਾ ਹੈ। ਫ਼ੁਰਮਾਨ ਹੈ, **"ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮ ॥"**

ਗੁਰਬਾਣੀ ਨੇ ਵਾਰ-ਵਾਰ ਮਨੁੱਖ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਸ ਨੇ 'ਸੱਚ' ਨੂੰ ਪਾਉਣਾ ਹੈ ਤਾਂ ਬਾਹਰਲੇ ਭੇਖਾਂ-ਪਾਖੰਡਾਂ ਨੂੰ ਤਿਆਗ ਕੇ ਅੰਦਰੋਂ ਹਿਰਦੇ ਤੋਂ ਸੱਚੇ ਹੋਣਾ ਪਵੇਗਾ। 'ਆਸਾ ਜੀ ਦੀ ਵਾਰ' ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ, **"ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਹੋਇ ॥"**

ਸੱਚ ਤਾਂ ਇਹ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਰੱਬੀ ਮਹਾਂਵਾਕਾਂ ਤੋਂ ਲਈ ਗਈ ਅਮਲੀ ਸੇਧ ਹੀ ਹਲਤ-ਪਲਤ ਦੇ ਸਾਰੇ ਸੁੱਖਾਂ ਦੀ ਕੁੰਜੀ ਹੈ...

# ਗੁਰਦੁਆਰਾ ਕੰਧ ਸਾਹਿਬ ਤੇ ਡੇਹਰਾ ਸਾਹਿਬ ਦਾ ਇਤਿਹਾਸ



ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਸ਼ਹਿਰ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਨਾਲ ਸਬੰਧਤ ਗੁਰਦੁਆਰਾ ਸ੍ਰੀ ਕੰਧ ਸਾਹਿਬ ਤੇ ਡੇਹਰਾ ਸਾਹਿਬ ਜੀ ਮੌਜੂਦ ਹਨ। ਗੁਰੂ ਨਾਨਕ ਦੇਵ ਜੀ ਵੱਲੋਂ ਵਰਸੋਈ ਕੰਧ ਜੋ ਕੇ ਅੱਜ ਵੀ ਗੁਰੂ ਜੀ ਦੀ ਬਖਸ਼ਿਸ਼ ਸਦਕਾ ਕਾਇਮ ਖੜ੍ਹੀ ਹੈ।

**ਗੁਰਦੁਆਰਾ ਕੰਧ ਸਾਹਿਬ** - ਬਟਾਲਾ ਸ਼ਹਿਰ ਪੰਜਾਬ ਦੇ ਮਸ਼ਹੂਰ ਸ਼ਹਿਰਾਂ ਵਿਚੋਂ ਇੱਕ ਹੈ, ਜਿਸ ਨਾਲ ਕਈ ਸਿੱਖੀ ਇਤਿਹਾਸ ਸਬੰਧਤ ਹਨ। ਬਟਾਲਾ ਦਾ ਸਿੱਖ ਇਤਿਹਾਸ ਵਿਚ ਵੀ ਇਕ ਵਿਸ਼ੇਸ਼ ਸਥਾਨ ਹੈ। ਇਥੇ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਹੁਰੇ ਵੀ ਸਨ ਅਤੇ ਗੁਰੂ ਜੀ ਦੀ ਧਰਮ ਸੁਪਤਨੀ ਮਾਤਾ ਸੁਲੱਖਣੀ ਦਾ ਪੇਕਾ ਸ਼ਹਿਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਸਬੰਧਤ ਕਈ ਇਤਿਹਾਸਕ ਸਥਾਨ ਬਟਾਲਾ ਸ਼ਹਿਰ ਵਿਚ ਮੌਜੂਦ ਹਨ। ਇਨ੍ਹਾਂ ਥਾਵਾਂ ਵਿਚ ਗੁਰਦੁਆਰਾ ਸ੍ਰੀ ਕੰਧ ਸਾਹਿਬ ਅਤੇ ਗੁਰਦੁਆਰਾ ਡੇਹਰਾ ਸਾਹਿਬ ਸ਼ਾਮਲ ਹਨ।

ਸੰਨ 1487 ਈ. ਵਿਚ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਜੰਞ/ਬਰਾਤ ਲੈ ਕੇ ਆਪਣੇ ਸਹੁਰੇ ਪਰਿਵਾਰ ਦੇ ਘਰ ਪਹੁੰਚੇ ਸੀ ਤਾਂ ਬਰਾਤ ਦੇ ਸਵਾਗਤ ਲਈ ਘਰ ਤੋਂ ਬਾਹਰ ਹੀ ਪ੍ਰਬੰਧ ਕੀਤਾ ਗਿਆ ਹੈ। ਇਸ ਦੌਰਾਨ ਜੰਞ ਸਮੇਤ ਗੁਰੂ ਨਾਨਕ ਦੇਵ ਜੀ ਇਕ ਪਲੰਘ 'ਤੇ ਇੱਕ ਕੰਧ ਦੇ ਨੇੜੇ ਬੈਠੇ ਸੀ। ਮੀਂਹ ਦਾ ਮੌਸਮ ਹੋਣ ਕਾਰਨ ਇਲਾਕੇ ਦੀਆਂ ਕੁਝ ਕੁੜੀਆਂ ਨੇ ਸ਼ਰਾਰਤ ਕਰਦੇ ਹੋਏ ਇਸ ਕੰਧ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਉੱਤੇ ਸੁੱਟਣ ਦੀ ਵਿਉਂਤਬੰਦੀ ਬਣਾਈ। ਇਸ ਦੀ ਭਣਕ ਇਕ ਬਜ਼ੁਰਗ ਔਰਤ ਨੂੰ ਲੱਗੀ ਤਾਂ ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਕੰਧ ਤੋਂ ਦੂਰ ਹੱਟ ਜਾਣ ਦੀ ਸਲਾਹ ਦਿੱਤੀ। ਬਜ਼ੁਰਗ ਵੱਲੋਂ ਦਿੱਤੀ ਇਸ ਸਲਾਹ 'ਤੇ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਇਹ ਕੰਧ ਕਦੇ ਵੀ ਨਹੀਂ ਡਿੱਗੇਗੀ ਤੇ ਹਮੇਸ਼ਾ ਇਸੇ ਤਰ੍ਹਾਂ ਹੀ ਮੌਜੂਦ ਰਹੇਗੀ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਮੌਜੂਦਾ ਸਮੇਂ ਵਿਚ ਵੀ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਚ ਇਹ ਕੰਧ ਇਸੇ ਤਰ੍ਹਾਂ ਹੀ ਮੌਜੂਦ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੀ ਨਿਸ਼ਾਨੀ ਵਜੋਂ ਅੱਜ ਵੀ ਸੰਗਤ ਇਸ ਕੰਧ ਦੇ ਦਰਸ਼ਨ ਕਰਨ ਆਉਂਦੀਆਂ ਹਨ।

**ਗੁਰਦੁਆਰਾ ਡੇਹਰਾ ਸਾਹਿਬ ਦਾ ਇਤਿਹਾਸ** - ਗੁਰਦੁਆਰਾ ਡੇਹਰਾ ਸਾਹਿਬ ਦਾ ਇਤਿਹਾਸ ਬੀਬੀ ਸੁਲੱਖਣੀ ਜੀ ਨਾਲ ਸਬੰਧਤ ਹੈ। ਇਹ ਬੀਬੀ ਸੁਲੱਖਣੀ ਜੀ ਦਾ ਘਰ ਹੈ। ਇਸ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਅਤੇ ਬੀਬੀ ਸੁਲੱਖਣੀ ਜੀ ਦੇ ਅਨੰਦ ਕਾਰਜ ਹੋਏ ਸੀ। ਇਤਿਹਾਸਕਾਰ ਦੱਸਦੇ ਹਨ ਕਿ ਗੁਰੂ ਨਾਨਕ




ਦੇਵ ਜੀ ਨੇ ਰਿਵਾਇਤੀ ਢੰਗ ਨਾਲ ਫੇਰੇ ਲੈਣ ਤੋਂ ਮਨ੍ਹਾਂ ਕਰ ਦਿੱਤਾ ਸੀ। ਉਨ੍ਹਾਂ ਨੇ ਆਪਣਾ ਵਿਆਹ ਕਾਰਜ ਗੁਰੂ ਸ਼ਬਦ ਦੀ ਓਟ ਆਸਰਾ ਲੈ ਕੇ ਕਰਨ ਦੀ ਗੱਲ ਆਖੀ ਜਿਸ ਤੋਂ ਬਾਅਦ ਇਕ ਪੋਥੀ ਦੁਆਲੇ ਪਰਿਕਰਮਾ ਕਰਕੇ ਉਨ੍ਹਾਂ ਨੇ ਆਪਣਾ ਵਿਆਹ ਕਾਰਜ ਸੰਪੰਨ ਕਰਵਾਇਆ। ਅੱਜ ਵੀ ਸੰਗਤ ਦੂਰੋਂ-ਦੂਰੋਂ ਇਨ੍ਹਾਂ ਦੋਹਾਂ ਧਾਰਮਿਕ ਥਾਵਾਂ ਦੇ ਦਰਸ਼ਨ ਲਈ ਪਹੁੰਚਦੀਆਂ ਹਨ। ਇਸ ਥਾਂ 'ਤੇ ਇਕ ਅਜਾਇਬ ਘਰ ਵੀ ਮੌਜੂਦ ਹੈ, ਜੋ ਕਿ ਸੰਗਤ ਨੂੰ ਇਤਿਹਾਸ ਤੋਂ ਜਾਣੂੰ ਕਰਵਾਉਂਦਾ ਹੈ। ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਵੀ ਬਹੁਤ ਸ਼ਰਧਾ ਭਾਵਨਾ ਨਾਲ ਇਥੇ ਮਨਾਇਆ ਜਾਂਦਾ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ




**ਇੰਜੀਨੀਅਰ ਪਰਮਿੰਦਰਜੀਤ ਸਿੰਘ**

**99153-57524**




ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਸ ਤਰ੍ਹਾਂ 'ਆਦਿ ਗ੍ਰੰਥ' 'ਆਦਿ ਸ੍ਰੀ ਗੁਰੂ ਗ੍ਰੰਥ' ਆਦਿ। ਆਮ ਸੌਖੀ, ਸਰਲ ਤੇ ਪੇਂਡੂ ਭਾਸ਼ਾ ਵਿੱਚ ਇਸ ਨੂੰ 'ਦਰਬਾਰ ਸਾਹਿਬ' (ਰੱਬੀ ਅਦਾਲਤ) ਵੀ ਕਿਹਾ ਜਾਂਦਾ ਹੈ। ਭਾਵੇਂ 'ਆਦਿ ਗ੍ਰੰਥ' ਦਾ ਸੰਕਲਨ 1604 ਈ. ਵਿੱਚ ਹੋਇਆ ਪਰ ਇਸ ਵਿੱਚ ਸ਼ਾਮਲ ਬਾਣੀ ਨੂੰ ਲਿਖਣ ਤੇ ਇਕੱਤਰ ਕਰਨ ਦਾ ਕਾਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਆਰੰਭ ਹੋ ਗਿਆ ਸੀ।

'ਆਦਿ ਗ੍ਰੰਥ' ਦੀ ਸੰਪਾਦਨਾ ਸਿੱਖ ਇਤਿਹਾਸ ਵਿੱਚ ਇਕ ਅਤਿ ਅਹਿਮ ਘਟਨਾ ਹੈ। ਇਸ ਪਵਿੱਤਰ ਗ੍ਰੰਥ ਦਾ ਸੰਕਲਨ ਗੁਰੂ ਅਰਜਨ ਦੇਵ ਸਾਹਿਬ ਜੀ ਦੁਆਰਾ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਆਪਣੀ ਇਹ ਖਾਹਿਸ਼ ਭਾਈ ਗੁਰਦਾਸ ਕੋਲ ਪ੍ਰਗਟ ਕੀਤੀ। ਉਪ੍ਰੰਤ ਸਿੱਖਾਂ ਨੂੰ ਵੱਖ-ਵੱਖ ਇਲਾਕਿਆਂ ਵਿੱਚ ਸੁਨੇਹੇ ਭੇਜੇ ਕਿ ਜਿਸ ਪਾਸ ਵੀ ਗੁਰੂ ਸਾਹਿਬਾਨ ਦੀ ਬਾਣੀ ਹੈ ਉਹ ਆਪਣੇ ਨਾਲ ਲੈ ਕੇ ਗੁਰੂ ਦੇ ਸਨਮੁੱਖ ਹਾਜ਼ਰ ਹੋਵੇ। ਇਸ ਤਰ੍ਹਾਂ ਸੂਫੀਆਂ, ਸੰਤਾਂ, ਭਗਤਾਂ ਦਿਆਂ ਚੇਲਿਆਂ ਨੂੰ ਵੀ ਕਹਿ ਭੇਜਿਆ ਕਿ ਉਹ ਆਪਣੇ ਵਡੇਰਿਆਂ ਦੀਆਂ ਰਚਨਾਵਾਂ ਗੁਰੂ ਸਾਹਿਬ ਪਾਸ ਭੇਜਣ ਤਾਂ ਕਿ ਉਨ੍ਹਾਂ ਵੱਲੋਂ ਸੰਪਾਦਤ ਹੋਣ ਵਾਲੇ 'ਗ੍ਰੰਥ' ਵਿੱਚ ਸ਼ਾਮਿਲ ਕੀਤੀਆਂ ਜਾ ਸਕਣ।

ਨਿਰਸੰਦੇਹ ਇਸ ਮਹਾਨ ਗ੍ਰੰਥ ਦੇ ਸੰਕਲਨ ਦਾ ਕਾਰਜ ਕੋਈ ਸੌਖਾ ਕੰਮ ਨਹੀਂ ਸੀ। ਸਭ ਤੋਂ ਪਹਿਲੀ ਮੁਸ਼ਕਿਲ ਤਾਂ ਗੁਰੂ ਸਾਹਿਬਾਨ ਦੀ ਬਾਣੀ ਜੋ ਕਿ ਵੱਖ-ਵੱਖ ਥਾਵਾਂ 'ਤੇ ਪਈ ਸੀ, ਨੂੰ ਇਕੱਤਰ ਕਰਨ ਦੀ ਸੀ। ਕਿਹਾ ਜਾਂਦਾ ਹੈ ਕਿ ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਬਾਣੀ 'ਪੋਥੀਆਂ' ਦੇ ਰੂਪ ਵਿੱਚ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ ਪਾਸ ਸੀ। ਬਾਬਾ ਜੀ ਪਾਸੋਂ ਗੁਰ-ਬਾਣੀ ਨੂੰ ਪ੍ਰਾਪਤ ਕਰਨ ਵਿੱਚ ਬਹੁਤ ਕਠਨਾਈ ਦਾ ਸਾਹਮਣਾ ਕਰਨਾ ਪਿਆ। ਰਵਾਇਤ ਅਨੁਸਾਰ, ਪਹਿਲਾਂ ਭਾਈ ਗੁਰਦਾਸ ਤੇ ਫਿਰ ਬਾਬਾ ਬੁੱਢਾ ਜੀ ਨੂੰ ਗੁਰੂ ਅਰਜਨ ਸਾਹਿਬ ਨੇ ਬਾਬਾ ਮੋਹਨ ਜੀ ਪਾਸ ਇਸ ਕਾਰਜ ਲਈ ਭੇਜਿਆ ਪਰ ਇਹ ਦੋਵੇਂ ਗੁਰਸਿੱਖ 'ਬਾਣੀ' ਪ੍ਰਾਪਤ ਕਰਨ ਵਿੱਚ ਅਸਫਲ ਰਹੇ। ਫਿਰ ਗੁਰੂ ਸਾਹਿਬ ਖੁਦ ਚਲ ਕੇ ਗੋਇੰਦਵਾਲ ਪਹੁੰਚੇ ਤੇ ਬਾਬਾ ਜੀ ਤੋਂ ਗੁਰਬਾਣੀ ਵਾਲੀਆਂ ਪੋਥੀਆਂ ਪ੍ਰਾਪਤ ਕੀਤੀਆਂ। ਪ੍ਰਾਪਤੀ ਉਪ੍ਰੰਤ ਇਨ੍ਹਾਂ ਪੋਥੀਆਂ ਨੂੰ ਖੂਬਸੂਰਤ ਪਾਲਕੀ ਵਿੱਚ ਸਜਾਇਆ ਗਿਆ। ਇਹ ਪਾਲਕੀ ਚਾਰ ਸਿੱਖਾਂ ਨੇ ਆਪਣੇ ਮੋਢਿਆਂ 'ਤੇ ਚੁੱਕੀ ਤੇ ਗੋਇੰਦਵਾਲ ਸਾਹਿਬ ਤੋਂ ਅੰਮ੍ਰਿਤਸਰ ਲਈ ਰਵਾਨਾ ਹੋਏ। ਗੁਰੂ ਅਰਜਨ ਸਾਹਿਬ ਖੁਦ ਨੰਗੇ ਪੈਰੀਂ ਪਾਲਕੀ ਦੇ ਪਿੱਛੇ-ਪਿੱਛੇ ਚਲ ਰਹੇ ਸਨ ਤੇ ਬਾਕੀ ਸੰਗਤ ਉਨ੍ਹਾਂ ਦੇ ਪਿੱਛੇ। ਇਹ ਕਾਫਲਾ ਕੁਝ ਚਿਰ ਲਈ ਖਡੂਰ ਸਾਹਿਬ ਗੁਰੂ ਅੰਗਦ ਦੇਵ ਸਾਹਿਬ ਦੇ ਅਸਥਾਨ ਦੇ ਦਰਸ਼ਨ ਕਰਨ ਹਿੱਤ ਰੁਕਿਆ। ਜਦ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਅੰਮ੍ਰਿਤਸਰ ਵਿਖੇ ਇਹ ਖਬਰ ਮਿਲੀ ਕਿ ਗੁਰੂ ਅਰਜਨ ਸਾਹਿਬ 'ਪੋਥੀਆਂ' ਸਮੇਤ ਅੰਮ੍ਰਿਤਸਰ ਆ ਰਹੇ ਹਨ ਤਾਂ ਆਪ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੂੰ ਨਾਲ ਲੈ ਕੇ 'ਪੋਥੀਆਂ' ਦਾ ਸਵਾਗਤ ਕਰਨ ਹਿੱਤ ਅੰਮ੍ਰਿਤਸਰ ਤੋਂ ਚੱਲ ਪਏ। ਅੰਮ੍ਰਿਤਸਰ ਤੋਂ ਕੋਈ ਦੋ ਕੋਹ ਦੀ ਵਿੱਥ 'ਤੇ ਆਪ ਨੇ ਗੁਰੂ-ਪਿਤਾ ਨੂੰ ਮੱਥਾ ਟੇਕਿਆ ਤੇ 'ਪੋਥੀਆਂ' 'ਤੇ ਫੁੱਲਾਂ ਦੀ ਵਰਖਾ ਕੀਤੀ। ਹੁਣ ਗੁਰੂ ਅਰਜਨ ਸਾਹਿਬ,

ਹਰਿਗੋਬਿੰਦ ਸਾਹਿਬ, ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ 'ਪੋਥੀਆਂ' ਵਾਲੀ ਪਾਲਕੀ ਨੂੰ ਆਪਣੇ ਮੋਢਿਆਂ 'ਤੇ ਟਿਕਾਇਆ ਤੇ ਅੰਮ੍ਰਿਤਸਰ ਨੂੰ ਰਵਾਨਾ ਹੋਏ। ਪਾਲਕੀ ਤੋਂ ਅੱਗੇ ਵਜੰਤਰੀ ਵੱਖ-ਵੱਖ ਸੰਗੀਤਕ-ਯੰਤਰਾਂ (ਸਾਜ਼ਾਂ) ਰਾਹੀਂ ਖੁਸ਼ੀ ਦੀ ਧੁਨਾਂ ਕੱਢ ਰਹੇ ਸਨ ਜਦਕਿ ਬਾਕੀ ਸਿੱਖ ਸੰਗਤਾਂ ਪਾਲਕੀ ਦੇ ਪਿੱਛੇ-ਪਿੱਛੇ ਚਲ ਰਹੀਆਂ ਸਨ। ਅੰਮ੍ਰਿਤਸਰ ਪਹੁੰਚ ਕੇ ਗੁਰੂ ਅਰਜਨ ਸਾਹਿਬ ਜੀ ਸਭ ਤੋਂ ਪਹਿਲਾਂ ਹਰਿਮੰਦਰ ਸਾਹਿਬ ਗਏ ਤੇ ਪੋਥੀਆਂ ਦੀ ਪ੍ਰਾਪਤੀ ਲਈ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਕੜਾਹ ਪ੍ਰਸ਼ਾਦਿ ਕਰਵਾਇਆ।

ਦੂਸਰੀ ਵੱਡੀ ਮੁਸ਼ਕਲ ਸੀ ਭਗਤਾਂ, ਸੰਤਾਂ, ਸੂਫੀਆਂ ਤੇ ਭੱਟਾਂ ਆਦਿ ਦੀਆਂ ਰਚਨਾਵਾਂ ਦੀ ਚੋਣ ਕਰਨ ਦੀ ਕਿਉਂਕਿ ਇਨ੍ਹਾਂ ਦੀਆਂ ਰਚਨਾਵਾਂ ਦੀ ਗਿਣਤੀ ਕਾਫੀ ਸੀ। ਸੋ ਗੁਰੂ ਸਾਹਿਬ ਨੇ ਭਗਤਾਂ ਦੇ ਅਨੁਯਾਈਆਂ ਨੂੰ ਬੁਲਾਇਆ ਤੇ ਉਨ੍ਹਾਂ ਨੂੰ ਆਪਣੇ ਆਪਣੇ ਵਡੇਰਿਆਂ ਦੀ ਬਾਣੀ ਸੁਣਾਉਣ ਨੂੰ ਕਿਹਾ। ਇਨ੍ਹਾਂ ਵਿੱਚੋਂ ਜੋ ਸ਼ਬਦ ਗੁਰੂ-ਆਸ਼ੇ ਦੇ ਅਨੁਕੂਲ ਸਨ, ਉਨ੍ਹਾਂ ਨੂੰ 'ਆਦਿ ਗ੍ਰੰਥ' ਵਿੱਚ ਸਥਾਨ ਦੇ ਦਿੱਤਾ ਤੇ ਬਾਕੀਆਂ ਨੂੰ ਛੱਡ ਦਿੱਤਾ।

ਤੀਸਰਾ ਜ਼ੋਖ਼ਮ ਭਰਿਆ ਕੰਮ ਸੀ, ਸਾਰੀ ਦੀ ਸਾਰੀ ਚੁਣੀ ਹੋਈ ਬਾਣੀ ਨੂੰ ਰਾਗਾਂ ਦੇ ਅਨੁਸਾਰ ਤਰਤੀਬ ਦੇਣਾ। ਇਹ ਸਾਰਾ ਕਾਰਜ ਅਣਥੱਕ ਲਗਨ ਤੇ ਉੱਚ ਬੌਧਿਕ ਸੰਜਮ ਵਾਲਾ ਸੀ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਬਾਖ਼ੂਬੀ ਨਿਭਾਇਆ ਤੇ ਸਾਰੀ ਚੁਣੀ ਹੋਈ ਸਮੱਗਰੀ ਨੂੰ ਇਕੱਤੀ ਰਾਗਾਂ ਅਨੁਸਾਰ ਵੰਡਿਆ ਤੇ ਹਰੇਕ ਰਚਨਾ ਨੂੰ ਸਹੀ ਸਥਾਨ 'ਤੇ ਅੰਕਤ ਕੀਤਾ।

ਇਸ ਅਤਿ ਬੌਧਿਕ-ਸੰਜਮ ਵਾਲੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਗੁਰੂ ਸਾਹਿਬ ਨੇ ਅੰਮ੍ਰਿਤਸਰ ਤੋਂ ਦੱਖਣ ਵੱਲ, ਇਕ ਇਕਤਾਂ ਤੇ ਰਮਣੀਕ ਸਥਾਨ ਰਾਮਸਰ ਸਰੋਵਰ ਦੇ ਕੰਢੇ ਇਕ ਪਿੱਪਲ ਦੇ ਦਰੱਖਤ ਹੇਠ ਇਕ ਤੰਬੂ ਲਵਾਇਆ ਤੇ ਉਥੇ ਬੈਠ ਕੇ ਇਹ ਕਾਰਜ ਆਰੰਭ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਹਰ ਪਾਸਿਓਂ ਇਕੱਤਰ ਬਾਣੀ ਨੂੰ ਪਹਿਲਾਂ ਭਾਈ ਸੰਤ ਦਾਸ, ਭਾਈ ਹਰੀਆ ਜੀ, ਭਾਈ ਸੱਖਾ ਜੀ ਤੇ ਭਾਈ ਮਨਸਾ ਰਾਮ ਜੀ ਨੂੰ ਉਤਾਰਾ ਕਰਨ ਲਈ ਸੌਂਪਿਆ ਗਿਆ। ਉਨ੍ਹਾਂ ਦੁਆਰਾ ਉਤਾਰੀ ਗਈ ਬਾਣੀ ਨੂੰ ਸੋਧ ਕੇ, ਆਪਣੀ ਯੋਜਨਾ ਅਨੁਰੂਪ 'ਗ੍ਰੰਥ' ਵਿੱਚ ਸਥਾਨ ਦੇ ਕੇ, ਅੰਤਿਮ ਰੂਪ ਵਿੱਚ ਲਿਖਣ ਦਾ ਕੰਮ ਭਾਈ ਗੁਰਦਾਸ ਜੀ ਨੂੰ ਸੌਂਪਿਆ।

'ਆਦਿ ਗ੍ਰੰਥ' ਵਿੱਚ ਪਹਿਲੇ ਪੰਜ ਗੁਰੂ ਸਾਹਿਬਾਨ ਤੋਂ ਇਲਾਵਾ 15 ਭਗਤਾਂ ਤੇ ਸੂਫੀਆਂ, 11 ਭੱਟਾਂ ਤੇ ਗੁਰੂ-ਘਰ ਦੇ ਤਿੰਨ ਗਵੱਈਆਂ ਦੇ ਸ਼ਬਦ ਦਰਜ ਹਨ। ਇਹ ਭਾਰਤ ਦੇ ਵੱਖ-ਵੱਖ ਖੇਤਰਾਂ, ਜਾਤਾਂ ਤੇ ਧਰਮਾਂ ਨਾਲ ਸਬੰਧਤ ਸਨ। ਭਾਈ ਗੁਰਦਾਸ ਜੀ ਅਨੁਸਾਰ ਆਦਿ ਗ੍ਰੰਥ ਦੀ ਸੰਪੂਰਨਤਾ ਭਾਦੋਂ ਵਦੀ ਏਕਮ 661 ਬਿ. ਅਰਥਾਤ 1 ਅਗਸਤ 1604 ਈ. ਤਤਕਰੇ ਤੱਕ ਹੋਈ। ਇਸ ਦੇ 974 ਪੱਤਰੇ ਜਾਂ 1948 ਸਫੇ 12 "8)) ਆਕਾਰ ਦੇ ਸਨ। ਇਸ ਗਰੰਥ ਨੂੰ 'ਆਦਿ ਬੀੜ' ਜਾਂ 'ਕਰਤਾਰਪੁਰ ਵਾਲੀ ਬੀੜ' ਕਰਕੇ ਜਾਣਿਆ ਜਾਂਦਾ ਹੈ। ਆਦਿ ਗ੍ਰੰਥ ਸਾਹਿਬ ਦੇ ਤਿਆਰ ਹੋਣ ਉਪ੍ਰੰਤ ਗੁਰੂ ਸਾਹਿਬ ਨੇ ਆਪਣੇ ਇਕ ਸਿੱਖ ਭਾਈ ਬੰਨੋ ਨੂੰ ਗ੍ਰੰਥ ਸਾਹਿਬ ਜੀ ਦੀ ਜਿਲਤ ਬੰਨ੍ਹਵਾਉਣ ਵਾਸਤੇ ਲਾਹੌਰ ਭੇਜਿਆ। ਭਾਈ ਬੰਨੋ ਨੇ ਕਾਹਲੀ ਨਾਲ ਇਸ ਦੀ ਇਕ ਨਕਲ ਤਿਆਰ ਕਰ ਲਈ, ਜਿਸ ਨੂੰ 'ਭਾਈ ਬੰਨੋ ਵਾਲੀ ਬੀੜ' ਕਹਿੰਦੇ ਹਨ। ਇਹ ਹੁਣ ਤੱਕ ਇਨ੍ਹਾਂ ਦੇ ਵੰਸ਼ ਪਾਸ ਹੈ। ਇਸ ਬੀੜ ਨੂੰ ਖਾਰੀ ਬੀੜ ਕਰਕੇ ਵੀ ਜਾਣਿਆ ਜਾਂਦਾ ਹੈ। ਕਿਉਂਕਿ ਭਾਈ ਬੰਨੋ ਨੇ ਇਸ ਦਾ ਉਤਾਰਾ ਕਾਹਲੀ ਨਾਲ ਕੀਤਾ ਸੀ ਸੋ ਬਾਣੀ ਉਤਾਰਦਿਆਂ ਬਹੁਤ ਸਾਰੀਆਂ ਉਕਾਈਆਂ ਅਨਜਾਣੇ ਵਿੱਚ ਹੀ ਹੋ ਗਈਆਂ ਸਨ। ਤੀਸਰੀ ਬੀੜ ਜੋ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ ਗਈ, ਇਸ ਨੂੰ 'ਦਮਦਮੀ ਬੀੜ' ਕਰਕੇ ਜਾਣਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸ਼੍ਰੋ. ਗੁ. ਪ੍ਰ.ਕਮੇਟੀ ਵੱਲੋਂ ਪ੍ਰਵਾਨਤ ਬੀੜ ਦਮਦਮੇ ਵਾਲੀ ਬੀੜ 'ਤੇ ਅਧਾਰਤ ਹੀ ਹੈ। ਇਸ ਦੇ 1430 ਪੰਨੇ ਹਨ ਅਤੇ ਇਸੇ ਹੀ 'ਬੀੜ' ਦਾ ਹਰ ਗੁਰਦੁਆਰੇ ਵਿੱਚ ਪ੍ਰਕਾਸ਼ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਆਰੰਭ ਗੁਰੂ ਨਾਨਕ ਸਾਹਿਬ ਦੀ ਪ੍ਰਮੁੱਖ ਰਚਨਾ 'ਜਪੁ ਜੀ' ਨਾਲ ਹੁੰਦਾ ਹੈ। ਇਸ ਦਾ ਪਾਠ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ। ਜਪੁ ਜੀ ਸਾਹਿਬ ਪਿੱਛੋਂ 'ਸੋ ਦਰੁ ਰਹਰਾਸਿ' ਨੂੰ ਸਥਾਨ ਦਿੱਤਾ ਗਿਆ ਹੈ। 'ਸੋ ਦਰੁ' ਦਾ ਅਰਥ ਹੈ - ਦੁਆਰ, ਅਰਥਾਤ ਈਸ਼ਵਰ ਦੀ ਪ੍ਰਾਪਤੀ ਦਾ ਦੁਆਰ। ਇਸ ਦਾ ਪਾਠ ਸ਼ਾਮ ਵੇਲੇ ਕੀਤਾ ਜਾਂਦਾ ਹੈ। 'ਸੋ ਦਰੁ ਰਹਰਾਸਿ' ਤੋਂ ਪਿੱਛੋਂ 'ਸੋ ਪੁਰਖ' (ਸਰਵ ਸ਼ਕਤੀਮਾਨ ਪਰਮਾਤਮਾ) ਨਾਮੀ ਰਚਨਾ ਹੈ। ਇਸ ਦਾ ਪਾਠ ਵੀ ਸ਼ਾਮ ਨੂੰ ਕੀਤਾ ਜਾਂਦਾ ਹੈ। ਇਸ ਪਿੱਛੋਂ 'ਸੋਹਿਲਾ' ਹੈ। ਇਸ ਦਾ ਪਾਠ ਰਾਤ ਨੂੰ ਸੌਣ ਵੇਲੇ ਕੀਤਾ ਜਾਂਦਾ ਹੈ।

'ਸੋਹਿਲਾ' ਤੋਂ ਪਿੱਛੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਭਾਗ ਆਰੰਭ ਹੁੰਦਾ ਹੈ। ਕੁੱਲ 1430 ਪੰਨਿਆਂ ਵਿੱਚੋਂ 1154 ਪੰਨੇ ਇਸ ਮੁੱਖ ਭਾਗ ਨੂੰ ਦਿੱਤੇ ਗਏ ਹਨ। ਇਸ ਨੂੰ 31 ਭਾਗਾਂ ਵਿੱਚ, 31 ਰਾਗਾਂ ਅਨੁਸਾਰ ਵੰਡਿਆ ਗਿਆ ਹੈ। ਇਸ ਵਿੱਚ ਗੁਰੂ-ਵਿਅਕਤੀਆਂ ਨੂੰ ਤਰਤੀਬ ਅਨੁਸਾਰਤੇ ਫਿਰ ਛੰਦਾਂ ਜਾਂ ਕਾਵਿ-ਰੂਪਾਂ ਨੂੰ ਤਰਤੀਬ ਅਨੁਸਾਰ ਸਥਾਨ ਦਿੱਤਾ ਗਿਆ ਹੈ। ਮਿਸਾਲ ਵਜੋਂ ਕਿਸੇ ਰਾਗ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਦੁਪਦੇ, ਚਉਪਦੇ, ਅਸਟਪਦੀਆਂ ਮਿਲਦੀਆਂ ਹਨ ਤਾਂ ਰਾਗ ਦੀ ਅੰਦਰੂਨੀ ਤਰਤੀਬ ਬਣਾਉਣ ਲਈ ਗੁਰੂ ਅਰਜਨ ਸਾਹਿਬ ਜੀ ਨੇ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਦੁਪਦੇ ਇਕੱਠੇ ਕਰ ਦਿੱਤੇ ਤੇ ਫਿਰ ਉਸ ਤੋਂ ਬਾਅਦ ਦੂਸਰੇ ਗੁਰੂ ਸਾਹਿਬਾਨ ਦੇ ਦੁਪਦੇ ਤਰਤੀਬਵਾਰ ਜੋੜ ਦਿੱਤੇ। ਇਸ ਤਰ੍ਹਾਂ ਚਉਪਦੇ, ਅਸਟਪਦੀਆਂ ਅਤੇ ਜੋ ਵੱਡੀ ਬਾਣੀ ਹੈ ਉਹ ਇਸ ਤੋਂ ਬਾਅਦ, ਫਿਰ ਵਾਰਾਂ ਤੇ ਫਿਰ ਭਗਤਾਂ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ। ਮਹਲਾ 1, 2, 3, 4, 5 ਦੇ ਕੇ ਗੁਰੂ ਵਿਅਕਤੀਆਂ ਨੂੰ ਵੱਖਰਿਆਂ ਵੀ ਦਰਸਾਇਆ ਗਿਆ ਹੈ ਅੰਤ ਵਿੱਚ 'ਨਾਨਕ' ਨਾਮ ਦਾ ਪ੍ਰਯੋਗ ਕਰਕੇ ਏਕ-ਜੋਤ ਦੇ ਸਿਧਾਂਤ ਨੂੰ ਵੀ ਕਾਇਮ ਰੱਖਿਆ ਗਿਆ ਹੈ।

ਵਿਸ਼ਵ-ਵਿਆਪੀ ਸਰੂਪ ਵਾਲੇ ਇਸ ਮਹਾਨ ਗ੍ਰੰਥ ਦੀ ਸੰਪੂਰਨਤਾ 'ਤੇ ਗੁਰੂ ਅਰਜਨ ਸਾਹਿਬ ਤੇ ਸਮੂਹ ਸਿੱਖ ਸੰਗਤਾਂ ਵੱਲੋਂ ਅਨੰਤ ਖੁਸ਼ੀ ਮਨਾਈ ਗਈ। ਸਿੱਖ ਸੰਗਤਾਂ ਵਹੀਰਾਂ ਘੱਤ ਕੇ 'ਗ੍ਰੰਥ' ਜੀ ਦੇ ਦਰਸ਼ਨ ਕਰਨ ਆਉਣ ਲੱਗੀਆਂ। ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਗੁਰੂ ਜੀ ਨੇ ਹਦਾਇਤ ਕੀਤੀ ਕਿ ਜੋ ਵੀ ਸਿੱਖ, "ਗੁਰੂ" ਦੇ ਦਰਸ਼ਨ ਕਰਨੇ ਚਾਹੁੰਦਾ ਹੈ ਉਹ 'ਗ੍ਰੰਥ' ਜੀ ਦੇ ਦਰਸ਼ਨ ਕਰੇ ਅਤੇ ਜੋ ਵਿਅਕਤੀ 'ਗੁਰੂ' ਦੇ ਮੁਖ ਤੋਂ ਸ਼ਬਦ ਸੁਣਨਾ ਚਾਹੁੰਦਾ ਹੈ, ਉਹ 'ਗ੍ਰੰਥ' ਜੀ ਨੂੰ ਪੜ੍ਹੇ।

ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਸਾਹਿਬ ਨੇ ਹਾਜ਼ਰ ਸਿੱਖ ਸੰਗਤਾਂ ਨੂੰ ਪੁੱਛਿਆ ਕਿ 'ਗ੍ਰੰਥ' ਜੀ ਨੂੰ ਕਿਸ ਅਸਥਾਨ 'ਤੇ ਸਸ਼ੋਭਿਤ ਕੀਤਾ ਜਾਵੇ। ਬਾਬਾ ਬੁੱਢਾ ਜੀ ਨੇ ਝੱਟ ਉੱਤਰ ਦਿੱਤਾ ਕਿ ਆਪ ਤਾਂ ਸਰਬਦਰਸ਼ੀ ਹੋ, ਪਰ ਹਰਿਮੰਦਰ ਜੀ ਤੋਂ ਵੱਧ ਉਚਿਤ ਅਸਥਾਨ ਕਿਹੜਾ ਹੋ ਸਕਦਾ ਹੈ? ਇਹ ਸੁਣ

ਕੇ ਗੁਰੂ ਸਾਹਿਬ ਬਹੁਤ ਖੁਸ਼ ਹੋਏ। ਆਖਰ ਫੈਸਲਾ ਹੋਇਆ ਕਿ ਰਾਤ ਰਾਮਸਰ ਵਿਖੇ ਹੀ ਠਹਿਰਾਇਆ ਜਾਵੇ ਤੇ ਅਗਲੇ ਭਲਕ 'ਗ੍ਰੰਥ' ਜੀ ਸਮੇਤ ਅੰਮ੍ਰਿਤਸਰ ਪਰਤਿਆ ਜਾਵੇ। 'ਗ੍ਰੰਥ' ਜੀ ਚੰਦੋਏ ਹੇਠ ਚੌਕੀ ਉੱਪਰ ਬਿਰਾਜਮਾਨ ਸਨ ਜਦਕਿ ਗੁਰੂ ਸਾਹਿਬ ਬਾਕੀ ਸੰਗਤ ਸਮੇਤ ਭੋਇੰ ਤੇ ਬਿਰਾਜੇ। ਸਾਰੀ ਰਾਤ ਗੁਰੂ ਸਾਹਿਬ ਇਹ ਸੋਚਦੇ ਰਹੇ ਕਿ 'ਗ੍ਰੰਥ' ਜੀ ਦੀ ਦੇਖ-ਭਾਲ ਦੀ ਸੌਂਪਣਾ ਕਿਸ ਨੂੰ ਕੀਤੀ ਜਾਵੇ? ਆਖਰ ਬਾਬਾ ਬੁੱਢਾ ਜੀ ਨੂੰ ਹੀ ਇਸ ਜ਼ਿੰਮੇਵਾਰੀ ਲਈ ਸਭ ਤੋਂ ਵਧੀਕ ਯੋਗ ਸਮਝਿਆ ਗਿਆ। 16-8-1604 ਈ. ਨੂੰ ਅੰਮ੍ਰਿਤ ਵੇਲੇ ਉੱਠ ਕੇ ਗੁਰੂ ਸਾਹਿਬ (ਸਮੇਤ ਹਾਜ਼ਰ ਸਿੱਖ ਸੰਗਤਾਂ ਦੇ) ਨੇ ਰਾਮਸਰ ਸਰੋਵਰ ਵਿੱਚ ਇਸ਼ਨਾਨ ਕੀਤਾ। ਆਸਾ ਦੀ ਵਾਰ ਦੇ ਗਾਇਨ ਉਪ੍ਰੰਤ ਸਮੂਹ ਸੰਗਤ ਨੂੰ ਅੰਮ੍ਰਿਤਸਰ ਵੱਲ ਰਵਾਨਾ ਹੋਣ ਦਾ ਆਦੇਸ਼ ਦਿੱਤਾ। ਬਾਬਾ ਬੁੱਢਾ ਜੀ ਨੇ 'ਗ੍ਰੰਥ' ਜੀ ਨੂੰ ਆਪਣੇ ਸਿਰ 'ਤੇ ਚੁੱਕ ਲਿਆ ਤੇ ਗੁਰੂ ਸਾਹਿਬ ਪਿੱਛੇ-ਪਿੱਛੇ ਚੌਰ ਕਰਦੇ ਤੁਰ ਪਏ। ਆਪ ਦੇ ਪਿੱਛੇ ਸਿੱਖ ਸੰਗਤਾਂ ਸ਼ਬਦ ਪੜ੍ਹਦੀਆਂ ਚਲ ਰਹੀਆਂ ਸਨ। ਇਸ ਤਰ੍ਹਾਂ ਗ੍ਰੰਥ ਜੀ ਨੂੰ ਪੂਰਨ ਸਨਮਾਨ ਨਾਲ, ਜਲੂਸ ਦੀ ਸ਼ਕਲ ਵਿੱਚ 'ਹਰਿਮੰਦਰ' ਜੀ ਵਿਖੇ ਪਹੁੰਚਾਇਆ। ਇਸ ਤਰ੍ਹਾਂ ਭਾਦੋਂ ਸੁਦੀ ਏਕਮ 1661 ਬਿ. 16 ਅਗਸਤ 1604 ਈ. (ਨਾਨਕਸ਼ਾਹੀ ਜੰਤਰੀ ਅਨੁਸਾਰ 17 ਭਾਦੋਂ) ਨੂੰ ਗ੍ਰੰਥ ਜੀ ਦਾ ਪ੍ਰਕਾਸ਼ ਹਰਿਮੰਦਰ ਜੀ ਵਿਖੇ ਕੀਤਾ ਗਿਆ। ਬਾਬਾ ਬੁੱਢਾ ਜੀ ਨੇ ਮੁੱਖ ਵਾਕ ਲਿਆ ਜਦਕਿ ਗੁਰੂ ਅਰਜਨ ਸਾਹਿਬ ਪਿੱਛੇ ਖੜ੍ਹੇ ਚੌਰ ਕਰਦੇ ਰਹੇ। ਉਸ ਵਕਤ ਦਾ ਮੁੱਖ ਵਾਕ ਸੀ-

**ਸੰਤਾ ਕੇ ਕਾਰਜ ਆਪਿ ਖਲੋਇਆ**
**ਹਰਿ ਕੰਮੁ ਕਰਾਵਣਿ ਆਇਆ ਰਾਮ ॥(ਪੰਨਾ 783)**

ਉਪ੍ਰੰਤ ਗੁਰੂ ਅਰਜਨ ਸਾਹਿਬ ਨੇ ਆਦੇਸ਼ ਦਿੱਤਾ ਕਿ ਦਿਨ ਵਕਤ 'ਗ੍ਰੰਥ' ਜੀ 'ਹਰਿਮੰਦਰ' ਜੀ ਵਿਖੇ ਬਿਰਾਜਮਾਨ ਹੋਣਗੇ ਜਦਕਿ ਰਾਤ ਨੂੰ 'ਰਹਰਾਸਿ' ਦੇ ਗਾਇਨ ਉਪ੍ਰੰਤ ਉਨ੍ਹਾਂ (ਗੁਰੂ ਸਾਹਿਬ) ਦੇ ਕਮਰੇ ਜੋ ਕਿ ਗੁਰੂ ਕੇ ਮਹਿਲ ਵਿੱਚ ਸੀ, ਵਿਸ਼ਰਾਮ ਵਾਸਤੇ ਲਿਜਾਇਆ ਜਾਵੇਗਾ। ਯੋਜਨਾ ਅਨੁਸਾਰ 'ਰਹਰਾਸਿ' ਦੇ ਉਪ੍ਰੰਤ ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ ਤੇ 'ਗ੍ਰੰਥ' ਜੀ ਨੂੰ ਆਪਣੇ ਸਿਰ ਤੇ ਚੁੱਕ ਲਿਆ ਤੇ ਗੁਰੂ ਕੇ ਮਹਿਲ ਵੱਲ ਚੱਲ ਪਏ। ਗੁਰੂ ਸਾਹਿਬ ਤੇ ਬਾਕੀ ਸੰਗਤ ਉਨ੍ਹਾਂ ਦੇ ਪਿੱਛੇ-ਪਿੱਛੇ ਸ਼ਬਦ ਪੜ੍ਹਦੀ ਜਾ ਰਹੀ ਸੀ। ਗੁਰੂ ਕੇ ਮਹਿਲ ਪਹੁੰਚ ਕੇ, ਨਿਸ਼ਚਿਤ ਅਸਥਾਨ ਉੱਚ-ਆਸਨ 'ਤੇ ਗ੍ਰੰਥ ਜੀ ਨੂੰ ਰੱਖਿਆ ਗਿਆ ਜਦਕਿ ਗੁਰੂ ਅਰਜਨ ਸਾਹਿਬ ਆਪ ਜ਼ਮੀਨ 'ਤੇ ਸੁੱਤੇ। ਰੋਜ਼ਾਨਾ ਦਿਨ ਚੜ੍ਹਨ ਤੋਂ ਪਹਿਲਾਂ 'ਗ੍ਰੰਥ' ਜੀ ਨੂੰ ਪੂਰਨ ਸਨਮਾਨ ਨਾਲ 'ਹਰਿਮੰਦਰ' ਜੀ ਵਿਖੇ ਲਿਜਾ ਕੇ ਪ੍ਰਕਾਸ਼ ਕੀਤਾ ਜਾਂਦਾ ਤੇ ਸ਼ਾਮ ਨੂੰ ਵਿਸ਼ਰਾਮ ਲਈ ਗੁਰੂ ਕੇ ਮਹਿਲ ਲਿਜਾਇਆ ਜਾਂਦਾ। ਅੱਜ ਕੱਲ੍ਹ ਗ੍ਰੰਥ ਸਾਹਿਬ ਨੂੰ ਇਸੇ ਪਰੰਪਰਾ ਦੇ ਅਨੁਰੂਪ ਅਕਾਲ ਤਖਤ 'ਤੇ ਨਿਸ਼ਚਿਤ ਕਮਰੇ ਵਿੱਚ ਲਿਜਾਇਆ ਜਾਂਦਾ ਹੈ।

ਜਦ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ' ਨੂੰ ਗੁਰੂਤਾ ਪ੍ਰਦਾਨ ਕੀਤੀ ਹੈ, ਸਿੱਖਾਂ ਵੱਲੋਂ ਇਸ ਨੂੰ ਉਹੀ ਸਨਮਾਨ ਦਿੱਤਾ ਜਾਂਦਾ ਹੈ ਜੋ 'ਗੁਰੂ' ਦਾ ਸੀ। ਹੁਣ ਸਿੱਖਾਂ ਲਈ ਉਪਾਸਨਾ ਦਾ ਕੇਂਦਰ ਇਹੀ ਹੈ। ਗੁਰਦੁਆਰਾ ਤਾਂ ਹੀ ਗੁਰਦੁਆਰਾ ਹੈ ਜੇਕਰ ਉਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਸੁਭਾਇਮਾਨ ਹਨ। ਗੁਰਦੁਆਰੇ ਦੀ ਇਮਾਰਤ ਵਿੱਚ ਮੂਰਤੀ ਪੂਜਾ ਦੀ ਕੋਈ ਥਾਂ ਨਹੀਂ। ਅੰਮ੍ਰਿਤ ਵੇਲੇ, ਪੂਰਨ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਜੀਦਾ ਉਚ ਆਸਣ 'ਤੇ, ਚੰਦੋਏ ਹੇਠ, ਕੀਮਤੀ ਤੇ ਸਵੱਛ ਪੁਸ਼ਾਕ ਪਹਿਨਾ ਕੇ ਪ੍ਰਕਾਸ਼ ਕੀਤਾ ਜਾਂਦਾ ਹੈ ਤੇ ਮੁੱਖ ਵਾਕ ਲਿਆ ਜਾਂਦਾ ਹੈ। ਸੰਗਤ ਗੁਰੂ ਸਾਹਿਬ ਦੀ ਹਾਜ਼ਰੀ ਵਿੱਚ ਇਕੱਤਰ ਹੁੰਦੀ ਹੈ। ਗ੍ਰੰਥੀ ਸਿੰਘ ਜਾਂ ਕੋਈ ਵੀ ਸਿੰਘ ਹਾਜ਼ਰ ਸੰਗਤ ਵਿੱਚ ਗੁਰੂ ਸਾਹਿਬ ਦੀ ਤਾਬਿਆ ਬੈਠ ਕੇ ਚੌਰ ਝੁਲਾਂਵਦਾ ਹੈ। ਰਾਗੀ ਸਿੰਘ ਕੀਰਤਨ ਕਰਦੇ ਰਹਿੰਦੇ ਹਨ। ਸੰਗਤ ਆਉਂਦੀ ਤੇ ਨਮਸਕਾਰ ਕਰਕੇ ਬੈਠਦੀ ਜਾਂਦੀ ਹੈ। ਕੀਰਤਨ ਦੀ ਸਮਾਪਤੀ ਉਪਰੰਤ ਸਾਰੀ ਹਾਜ਼ਰ ਸੰਗਤ ਹੱਥ ਜੋੜ ਕੇ ਗੁਰੂ ਸਾਹਿਬਾਨ ਸਾਹਮਣੇ ਖੜ੍ਹ ਜਾਂਦੀ ਹੈ। ਗ੍ਰੰਥੀ ਸਿੰਘ ਜਾਂ ਸੰਗਤ 'ਚੋਂ ਕੋਈ ਵੀ ਸਿੰਘ ਅਰਦਾਸ ਕਰਦਾ ਹੈ। ਫਿਰ ਹੁਕਮ ਲਿਆ ਜਾਂਦਾ ਹੈ ਤੇ ਸਾਰੀ ਸੰਗਤ ਆਪੋ ਆਪਣੇ ਕੰਮਾਂ-ਕਾਰਾਂ ਵਿੱਚ ਲੱਗ ਜਾਂਦੀ ਹੈ। ਸ਼ਾਮ ਨੂੰ ਰਹਰਾਸਿ ਦੇ ਗਾਇਨ ਉਪ੍ਰੰਤ ਸੁਖ-ਆਸਣ ਕਰਕੇ ਵਿਸ਼ਰਾਮ ਲਈ ਗੁਰੂ ਸਾਹਿਬ ਨੂੰ ਨਿਸ਼ਚਿਤ ਜਗ੍ਹਾ 'ਤੇ ਲਿਜਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਮੁਖੀ ਲਿਪੀ ਵਿੱਚ ਲਿਖਿਆ ਗਿਆ ਹੈ ਪਰ ਇਸ ਵਿੱਚ ਕੇਵਲ ਇਕ ਹੀ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਗਈ। ਸਿੱਖ ਗੁਰੂ ਸਾਹਿਬਾਨ ਦੇ ਜ਼ਿਆਦਾਤਰ ਸ਼ਬਦ 15ਵੀਂ, 16ਵੀਂ, ਤੇ 17ਵੀਂ ਸਦੀ ਦੀ ਪੰਜਾਬੀ ਭਾਸ਼ਾ ਵਿੱਚ ਹਨ। ਹਿੰਦੂ ਭਗਤਾਂ ਤੇ ਮੁਸਲਮਾਨ ਸੂਫੀਆਂ ਦੀਆਂ ਰਚਨਾਵਾਂ 'ਚ ਹਿੰਦੀ, ਮਰਾਠੀ, ਗੁਜਰਾਤੀ, ਫਾਰਸੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦੀ ਜ਼ਿਆਦਾ ਵਰਤੋਂ ਕੀਤੀ ਗਈ ਹੈ। ਕਈ ਵਿਦਵਾਨ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਸ਼ਾ ਨੂੰ 'ਸੰਤ ਭਾਸ਼ਾ' ਵੀ ਆਖਦੇ ਹਨ ਜੋ ਆਮ ਲੋਕਾਂ ਦੀ ਬੋਲੀ ਦੇ ਕਾਫੀ ਨੇੜੇ ਸੀ।

ਨਿਰਸੰਦੇਹ, ਗੁਰੂ ਗ੍ਰੰਥ ਸਾਹਿਬ ਜੀ ਦਾ ਵਿਸ਼ਾ ਅਧਿਆਤਮਕ ਹੈ ਪਰ ਇਸ ਦੀ ਇਤਿਹਾਸਕ ਤੇ ਸਾਹਿਤਕ ਵਿਸ਼ੇਸ਼ਤਾ ਵੀ ਘੱਟ ਨਹੀਂ। ਬੇਸ਼ੱਕ ਇਸ ਵਿੱਚ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਨਹੀਂ ਦਿੱਤੇ ਗਏ ਤੇ ਨਾ ਹੀ ਉਸ ਵਕਤ ਦੀ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ ਅਵਸਥਾ ਦਾ ਸਿੱਧਾ ਉਲੇਖ ਹੈ। ਫਿਰ ਵੀ ਇਸ ਦੇ ਡੂੰਘੇ ਤੇ ਸੁਚੇਤ ਅਧਿਐਨ ਤੋਂ 16ਵੀਂ ਤੇ 17ਵੀਂ ਸਦੀ ਦੇ ਪੰਜਾਬੀ, ਭਾਰਤੀ ਸਮਾਜ ਦੀਆਂ ਸਮਾਜਿਕ, ਧਾਰਮਿਕ ਰਾਜਨੀਤਿਕ ਤੇ ਆਰਥਿਕ ਪ੍ਰਸਥਿਤੀਆਂ ਦਾ ਭਰਪੂਰ ਗਿਆਨ ਪ੍ਰਾਪਤ ਹੁੰਦਾ ਹੈ। ਸਾਹਿਤਕ ਤੇ ਸੰਗੀਤ ਕਲਾ ਦੇ ਪੱਖ ਤੋਂ ਵੀ ਇਹ ਆਪਣੇ ਆਪ ਵਿੱਚ ਇਕ ਸਰਵ-ਉੱਚ ਕਲਾ-ਕ੍ਰਿਤੀ ਹੈ। ਇਸ ਤੋਂ ਇਲਾਵਾ ਇਸ ਦਾ ਵਿਸ਼ਵ-ਵਿਆਪੀ ਸਰੂਪ, ਇਸ ਨੂੰ ਸੰਸਾਰ ਦੇ ਮਹਾਨ ਧਾਰਮਿਕ ਗ੍ਰੰਥਾਂ ਵਿੱਚੋਂ ਸ੍ਰੇਸ਼ਟਤਾ ਪ੍ਰਦਾਨ ਕਰਦਾ ਹੈ।

● ● ●

**ਫੁੱਲਦਾਰ ਦਰੱਖਤ ਅਤੇ ਗੁਣਵਾਨ ਵਿਅਕਤੀ ਹੀ ਝੁਕਦੇ ਨੇ।**

# ਆਵਨ ਜਾਨ
# ਇਕ ਖੇਲ ਬਣਾਇਆ ॥ ਅੰਗ 294 ॥

ਜੀਵਾਂ ਦਾ ਜੰਮਣਾਂ ਮਰਣਾ ਪ੍ਰਭੂ ਨੇ ਇਕ ਖੇਡ ਬਣਾਈ ਹੈ। ਸੰਸਾਰ ਦਾ ਜੋ ਰੂਪ ਸਾਨੂੰ ਦਿਸ ਰਿਹਾ ਹੈ, ਇਹ ਇਹੋ ਕੁਝ ਨਹੀਂ, ਆਮ ਜੀਆਂ ਦੀ ਪਹੁੰਚ ਤੋਂ ਬਾਹਰ ਹੈ। ਇਹ ਰਚਨਾ ਕਦੋਂ ਹੋਈ, ਕਿਵੇਂ ਹੋਈ, ਕਿਸ ਤੋਂ ਹੋਈ? ਥਿਤਾਂ, ਵਾਰ, ਦਿਨ ਅਤੇ ਰਾਤ ਆਦਿ ਕਿਸ ਤਰ੍ਹਾਂ ਹੋਂਦ ਵਿਚ ਆਏ? ਇਹਨਾਂ ਦੀ ਗਿਣਤੀ-ਮਿਣਤੀ ਕੋਈ ਵੱਡੇ ਤੋਂ ਵੱਡਾ ਵਿਗਿਆਨੀ ਵੀ ਨਹੀਂ ਕਰ ਸਕਦਾ। ਪੰਡਿਤ ਜੋਤਸ਼ੀ ਅੰਦਾਜ਼ਾ ਤਾਂ ਲਾ ਸਕਦੇ ਹਨ ਪਰ ਸਹੀ ਨਹੀਂ ਉਤਰ ਸਕਦੇ। ਹਾਂ ਗੁਰਬਾਣੀ ਤੋਂ ਜੋ ਸਾਨੂੰ ਸੇਧ ਮਿਲਦੀ ਉਹ ਸੋਲਾਂ ਆਨੇ ਸਹੀ ਹੈ।

**ਇਹ ਸੰਸਾਰ ਸਭੁ ਆਵਣਾ ਜਾਣਾ,**
**ਮੰਨ ਮੂਰਖ ਚੇਤਿ ਅਜਾਣਾ ॥ ਪੰਨਾ 607 ॥**

ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਇਕ ਸ਼ਬਦ ਵਿਚ ਹੋਰ ਸਾਨੂੰ ਸੋਝੀ ਬਖ਼ਸ਼ੀ ਹੈ।

**ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੈ ॥**
**ਜੀਵਿ ਜੀਵਿ ਮੁਏ ਮੁਏ ਜੀਵੇ ॥**
**ਕੇਤਿਆਂ ਕੇ ਬਾਪ, ਕੇਤਿਆਂ ਕੇ ਬੇਟੇ,**
**ਕੇਤੇ ਗੁਰ ਚੇਲੇ ਹੁਏ ॥ ਅੰਗ 1238 ॥**



ਪ੍ਰਿੰਸੀਪਲ
ਪ੍ਰੀਤ ਮਹਿੰਦਰ ਪਾਲ ਸਿੰਘ
(ਸੇਵਾ ਮੁਕਤ)


ਆਤਮਾ ਅਤੇ ਸਰੀਰ ਇਕੱਠੇ ਹੋ ਕੇ ਵਿਛੁੜ ਜਾਂਦੇ ਹਨ। ਵਿਛੁੜ ਕੇ ਫਿਰ ਮਿਲਦੇ ਹਨ। ਜੀਵ ਜੰਮਦੇ ਹਨ ਫਿਰ ਮਰਦੇ ਹਨ ਅਤੇ ਇਹ ਸਿਲਸਿਲਾ ਇਤਨਾ ਲੰਮੇਰਾ ਹੈ ਕਿ ਜੀਵ ਕਈਆਂ ਦੇ ਪਿਉ ਅਤੇ ਕਈਆਂ ਦੇ ਪੁੱਤਰ ਬਣਦੇ ਹਨ। ਗੁਰੂ ਅਰਜਨ ਦੇਵ ਜੀ ਦੇ ਇਕ ਸ਼ਬਦ ਤੋਂ ਵੀ ਚਾਨਣ ਹੁੰਦਾ ਹੈ ਕਿ ਅਸੀਂ 84 ਲੱਖ ਜੂਨਾਂ ਵਿਚ ਵੀ ਕਈ ਵਾਰ ਜੰਮਦੇ ਅਤੇ ਮਰਦੇ ਹਾਂ।

**ਕਈ ਜਨਮ ਭਏ ਕੀਟ ਪਤੰਗਾ ॥**
**ਕਈ ਜਨਮ ਗਜ ਮੀਨ ਕੁਰੰਗਾ ॥**
**ਕਈ ਜਨਮ ਪੰਖੀ ਸਰਪ ਹੋਇਓ ॥**
**ਕਈ ਜਨਮ ਹੈਵਰ ਬ੍ਰਿਖ ਜੋਇਓ ॥੧ ॥**
**ਮਿਲੁ ਜਗਦੀਸ਼ ਮਿਲਨ ਕੀ ਬਰੀਆ ॥**
**ਚਿਰੰਕਾਲ ਇਹ ਦੇਹ ਸੰਜਰੀਆਂ ॥੧ ॥ ਰਹਾਉ ॥ ਅੰਗ 176 ॥**

ਅੰਤਲੀਆਂ ਪੰਗਤੀਆਂ ਵਿਚ ਗੁਰੂ ਸਾਹਿਬ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਸ ਪ੍ਰਭੂ ਨੂੰ ਪਾਉਣ ਲਈ ਹੀ ਸਾਨੂੰ ਇਹ ਸਰੀਰ ਪ੍ਰਾਪਤ ਹੋਇਆ ਹੈ।

ਮਨੁੱਖੀ ਸਰੀਰ ਦੀ ਰਚਨਾ ਬਾਰੇ ਵੀ ਗੁਰਬਾਣੀ ਦਸ ਰਹੀ ਹੈ -

**ਮਾ ਕੀ ਰਕਤੁ, ਪਿਤਾ ਬਿਦੁ ਧਾਰਾ ॥**
**ਮੂਰਤਿ ਸੂਰਤਿ ਕਰਿ ਆਪਾਰਾ ॥**
**ਜੋਤਿ ਦਾਤਿ ਜੋਤੀ ਸਭ ਤੇਰੀ,**
**ਤੂ ਕਰਤਾ ਸਭ ਥਾਈ ਹੈ ॥ ਪੰਨਾ 1022 ॥**

ਗੁਰੂ ਅਮਰਦਾਸ ਜੀ ਨੇ ਸਰੀਰ ਦੀ ਰਚਨਾ ਤੋਂ ਬਾਅਦ ਵਾਲੀ ਸਟੇਜ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ।

**ਏ ਸਰੀਰਾ ਮੇਰਿਆ, ਹਰਿ ਤੁਮ ਮਹਿ ਜੋਤਿ ਰੱਖੀ,**
**ਤਾਂ ਤੂੰ ਜਗ ਮਹਿ ਆਇਆ ॥**
**ਹਰ ਜੋਤਿ ਰਖੀ ਤੁਧੁ ਵਿਚਿ,**
**ਤਾਂ ਤੂੰ ਜਗ ਮਹਿ ਆਇਆ ॥ ਪੰਨਾ 921 ॥**

ਇਸ ਆਵਣ ਜਾਣ ਦੇ ਚੱਕਰ ਵਿਚ ਜੀਵਾਂ ਨੂੰ ਕਿਹੋ ਜਿਹੀ ਜੂਨ ਭਾਵ ਕਿਹੋ ਜਿਹੀ ਧਾਰਨ ਕਰਦਾ ਹੈ ਇਸ ਬਾਰੇ ਭਗਤ ਤ੍ਰਿਲੋਚਨ ਜੀ ਦੱਸਦੇ ਹਨ -

**ਅੰਤਿ ਕਾਲਿ ਜੋ ਲਛਮੀ ਸਿਮਰੈ,**

**ਐਸੀ ਚਿੰਤਾ ਮਹਿ ਜੇ ਮਰੈ ॥**

**ਸਰਪ ਜੋਨਿ ਵਲਿ ਵਲਿ ਅਉਤਰੈ ॥੧ ॥**

**ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ ॥ ਰਹਾਉ ॥**

**ਅੰਤਿ ਕਾਲਿ ਜੋ ਇਸਤ੍ਰੀ ਸਿਮਰੈ**

**ਐਸੀ ਚਿੰਤਾ ਮਹਿ ਜੇ ਮਰੈ ॥**

**ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨ ॥**

**ਅੰਤਿ ਕਾਲਿ ਜੋ ਲੜਿਕੇ ਸਿਮਰੈ**

**ਐਸੀ ਚਿੰਤਾ ਮਹਿ ਜੇ ਮਰੈ ॥**

**ਸੂਕਰ ਜੋਨਿ ਵਲਿ ਵਲਿ ਅਉਤਰੈ ॥੩ ॥**

**ਅੰਤਿ ਕਾਲਿ ਜੋ ਮੰਦਰ ਸਿਮਰੈ**

**ਐਸੀ ਚਿੰਤਾ ਮਹਿ ਜੋ ਮਰੈ ॥**

**ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪ ॥ ਪੰਨਾ 526 ॥**

ਮੌਤ ਵਰਤਮਾਨ ਜੀਵਨ ਦਾ ਅੰਤ ਅਤੇ ਅਗਲੇ ਜੀਵਨ ਦਾ ਆਰੰਭ ਹੈ।

**ਜਿਉ ਆਇਆ ਤਿਉ ਜਾਵਹਿ ਬਉਰੇ**

**ਜਿਉ ਜਨਮੇ ਤਿਉ ਮਰਣ ਭਇਆ ॥ ਪੰਨਾ 906 ॥**

ਆਵਾਗਮਨ ਬਾਰੇ ਪ੍ਰਸਿੱਧ ਵਿਆਖਿਆਕਾਰ ਗਿਆਨੀ ਹਰਬੰਸ ਸਿੰਘ ਹੋਰਾਂ ਨੇ ਆਪਣੀ ਇਕ ਪੁਸਤਕ 'ਮੌਤ ਕੀ ਹੈ' ਵਿਚ ਦਰਸਾਇਆ ਹੈ ਕਿ ਜਿਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਇਸ ਸ਼ਬਦ ਵਿਚ ਦੱਸਿਆ ਕਿ ਜੀਵ ਕਈ ਜੂਨਾਂ ਵਿਚੋਂ ਵਿਚਰਦਾ ਮਨੁਖਾ ਜਨਮ ਵਿਚ ਆਉਂਦਾ ਹੈ ਇਸ ਨੂੰ transmigration ਦਾ ਨਾਂ ਦਿੱਤਾ ਗਿਆ ਹੈ।

ਮਨੁਖੀ ਆਤਮਾ ਇਸ ਸਰੀਰ ਤੋਂ ਪਹਿਲਾ ਪੁਰਖ ਜਾਂ ਇਸਤਰੀ ਰੂਪ ਵਿਚ ਜਨਮ ਲੈਂਦੀ ਰਹੀ ਹੈ। ਇਹ Process ਉਦੋਂ ਤੱਕ ਚਲਦਾ ਰਹਿੰਦਾ ਜਦੋਂ ਤੱਕ ਆਤਮਾ ਪ੍ਰਮਾਤਮਾ ਵਿਚ ਲੀਨ ਨਹੀਂ ਹੋ ਜਾਂਦੀ। ਇਸ Process ਨੂੰ re-incarnation ਦਾ ਨਾਂ ਦਿੱਤਾ ਗਿਆ ਹੈ।

ਆਵਾਗਮਨ ਦਾ ਇਕ ਪੱਖ ਹੋਰ ਵੀ ਸਾਹਮਣੇ ਆਉਂਦਾ ਹੈ। ਪੰਜਵੀਂ ਪਾਤਸ਼ਾਹੀ ਦਾ ਫੁਰਮਾਣ ਹੈ –

**ਸਰਫੈ ਸਰਫੈ ਸਦਾ ਸਦਾ, ਏਵੈ ਗਈ ਵਿਹਾਇ ॥**

**ਨਾਨਕ, ਕਿਸ ਨੋ ਆਖੀਐ, ਵਿਣ ਪੁਛਿਆ ਹੀ ਲੈ ਜਾਇ ॥ ਪੰਨਾ 1412 ॥**

ਮੌਤ ਕਿਸੇ ਨੂੰ ਚੰਗੀ ਨਹੀਂ ਲਗਦੀ। ਮਨੁਖ ਹਮੇਸ਼ਾ ਲਈ ਜਿਉਣਾ ਚਾਹੁੰਦਾ ਹੈ। ਮੌਤ ਨੂੰ ਕੋਈ ਸੱਦਾ ਨਹੀਂ ਭੇਜਦਾ ਅਤੇ ਨਾ ਹੀ ਇਸ ਨੂੰ ਰੋਕ ਸਕਦਾ ਹੈ। ਇਹ ਮਨੁੱਖ ਨੂੰ ਬਿਨਾਂ ਪੁਛਿਆ ਹੀ ਲੈ ਜਾਂਦੀ ਹੈ। ਇਸੇ ਲਈ ਇਸ ਨੂੰ ਅਜਰ ਅਤੇ ਅਮਰ ਕਿਹਾ ਹੈ। ਇਸ ਦੀ ਪਕੜ ਤੋਂ ਬਾਲ, ਜੁਆਨ, ਬੁੱਢਾ, ਗਰੀਬ, ਅਮੀਰ, ਪੜ੍ਹਿਆ, ਅਨਪੜ੍ਹਿਆ, ਆਸਤਕ ਤੇ ਨਾਸਤਕ ਕੋਈ ਨਹੀਂ ਬਚ ਸਕਿਆ ਅਤੇ ਨਾ ਹੀ ਕੋਈ ਬਚੇਗਾ।

ਗੁਰੂ ਅਮਰਦਾਸ ਜੀ ਵਲੋਂ ਉਚਾਰੀ ਬਾਣੀ ਵਿਚ ਮੌਤ ਬਾਰੇ 6 ਸਵਾਲ ਆਉਂਦੇ ਹਨ ਜੋ ਇਕ ਡੂੰਘੇ ਗਿਆਨ ਦਾ ਪ੍ਰਤੀਕ ਹਨ।

**ਕਾਉਣ ਮੂਆ ਕਉਣ ਮਾਰਸੀ**

**ਕਾਉਣ ਆਵੈ ਕਉਣ ਜਾਇ ॥**

**ਕਾਉਣ ਰਹਸੀ ਨਾਨਕਾ**

**ਕਿਸ ਕੀ ਸੁਰਤ ਸਮਾਇ ॥ ਪੰਨਾ 1091 ॥**

ਭਾਵ ਕੌਣ ਮਰਿਆ ਹੈ? ਕੌਣ ਮਰਦਾ ਹੈ? ਕੌਣ ਆਉਂਦਾ ਹੈ? ਕੌਣ ਜਾਂਦਾ ਹੈ? ਕੌਣ (ਜੰਮਣ ਮਰਣ ਤੋਂ ਬਚਿਆ) ਰਹਿੰਦਾ ਹੈ? ਅਤੇ ਕਿਸ ਦੀ ਸੁਰਤਿ ਸਮਾਈ ਰਹਿੰਦੀ ਹੈ?

ਇਸ ਦਾ ਉਤਰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਿੱਤਾ ਹੈ।

**ਹਉ ਮੁਆ ਮੈ ਮਾਰਿਆ, ਪਉਣ ਵਹੈ ਦਰਿਆਉ ॥**

**ਤ੍ਰਿਸਨਾ ਥਕੀ ਨਾਨਕਾ, ਜਾ ਮਨੁ ਰਤਾ ਨਾਇ ॥**

**ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ**

**ਜੀਭ ਰਸਾਇਣ ਚੂਨੜੀ, ਰਤੀ ਲਾਲ ਲਵਾਇ ॥**

**ਅੰਦਰ ਮੁਸਕਿ ਝਕੋਲਿਆ, ਕੀਮਤਿ ਕਹੀ ਨ ਜਾਇ ॥ ਪੰਨਾ 1091 ॥**

ਭਾਵ ਹਉਮੈ ਕਰਕੇ ਮਰਿਆ ਹੈ, ਮਮਤਾ ਨੇ ਮਾਰਿਆ ਹੈ। ਸਵਾਸਾ ਦਾ ਦਰਿਆ ਚਲਦਾ ਜਾ ਰਹਾ ਹੈ। ਜਦ ਤੱਕ ਤ੍ਰਿਸ਼ਨਾ ਹੈ ਇਹ ਜੰਮਦਾ ਮਰਦਾ ਰਹੇਗਾ। ਰਸਨਾ ਕੇਵਲ ਪ੍ਰਮਾਤਮਾ ਦੇ ਨਾਮ ਉਚਾਰਨ ਵਿਚ ਲੱਗ ਜਾਂਦੀ ਹੈ ਜਿਸ ਦੀ ਕੀਮਤ ਕਿਸੇ ਪਾਸੋਂ ਨਹੀਂ ਪਾਈ ਜਾ ਸਕਦੀ।

ਇਕ ਬੀਜ ਪੁੰਗਰਦਾ ਹੈ ਫਿਰ ਉਸ ਨੂੰ ਫੁਲ ਫਲ ਲੱਗਦੇ ਹਨ। ਆਖਿਰ ਫਲ ਤੋਂ ਬੀਜ ਨਿਕਲਦੇ ਹੋਰ ਪੌਦਾ ਪੈਦਾ ਹੋ ਜਾਂਦਾ ਅਤੇ ਪਹਿਲਾ ਪੌਦਾ ਹੌਲੀ-ਹੌਲੀ ਖਤਮ ਹੋ ਜਾਂਦਾ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ -

**ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ**

**ਇਕ ਸਖਨੀ ਹੋਰ ਫੇਰ ਭਰੀਅਤ ਹੈ ॥ ਅੰਗ 1329 ॥**

ਜਿਸ ਤਰ੍ਹਾਂ ਖੂਹ ਦੀਆਂ ਟਿੰਡਾਂ ਆਉਂਦੀਆਂ ਹਨ ਪਾਣੀ ਭਰ ਕੇ ਲਿਆਉਂਦੀਆਂ ਖਾਲੀ ਫਿਰ ਤੁਰਦੀਆਂ ਤੇ ਪਾਣੀ ਲੈ ਆਉਂਦੀਆਂ - ਇਹ ਸਿਲਸਿਲਾ ਚਲਦਾ ਰਹਿੰਦਾ ਹੈ ਇਸ ਤਰ੍ਹਾਂ ਹੀ ਮਨੁਖੀ ਜੀਵਾਂ ਦਾ ਹਾਲ ਭਾਵ ਆਉਣਾ ਜਾਣਾ ਹੈ।

ਗੁਰੂ ਅਰਜਨ ਦੇਵ ਜੀ ਨੇ ਵੀ ਮਨੁਖ ਨੂੰ ਪੰਛੀਆਂ ਨਾਲ ਤੁਲਨਾ ਕਰਦੇ ਦੱਸਿਆ ਹੈ ਕਿ ਜਿਸ ਤਰ੍ਹਾਂ ਇਕ ਦਰੱਖ਼ਤ ਉੱਪਰ ਰਾਤ ਕੱਟਦੇ ਤੇ ਸਮਾਂ ਆਉਣ ਤੇ ਉੱਡ ਜਾਂਦੇ।

**ਬਿਰਖੈ ਹੇਠਿ ਸਭ ਜੰਤ ਇਕਠੇ ॥**

**ਇਕ ਤਤੇ ਇਕ ਬੋਲਨਿ ਮਿਠੇ ॥**

**ਅਸਤੁ, ਉਦੋਤ ਭਇਆ ਉਠਿ ਚਲੇ**

**ਜਿਉ ਜਿਉ ਅਉਧ ਵਿਹਾਣੀਆ ॥ ਅੰਗ 1019 ॥**

● ● ●

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

# ਜੁਲਾਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

**ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ**



**ਹਰਮਨਪ੍ਰੀਤ ਸਿੰਘ ਮੁਲਤਾਨੀ,**
**ਜਨਰਲ ਸਕੱਤਰ**

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

॥ ਵਾਹਿਗੁਰੂ ਜੀ ਕਾ ਖਾਲਸਾ॥

॥ ਵਾਹਿਗੁਰੂ ਜੀ ਕੀ ਫਤਹਿ॥



1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਜੁਲਾਈ 2025 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:–

ਜੁਲਾਈ ਮਹੀਨੇ ਦੀ ਕੁੱਲ ਆਮਦਨ–3,54,203.00/– ਰੁਪਏ

ਜੁਲਾਈ ਮਹੀਨੇ ਦਾ ਕੁੱਲ ਖਰਚਾ–5,60,873.82/– ਰੁਪਏ

2. **ਜੁਲਾਈ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਮਿਤੀ 16.07.2025 ਨੂੰ ਸਾਵਣ ਮਹੀਨੇ ਦੀ ਸੰਗਰਾਂਦ ਬੜੇ ਹੀ ਸ਼ਰਧਾਪੂਰਵਕ ਮਨਾਈ ਗਈ। ਇਸ ਮੌਕੇ ਤੇ ਸਤਿਕਾਰਯੋਗ

ਕੀਰਤਨੀ ਜਥੇ ਨੇ ਬਹੁਤ ਹੀ ਰਸਭਿੰਨਾਂ ਕੀਰਤਨ ਕਰਕੇ ਸਮੂਹ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸੀਨੀ. ਮੀਤ ਪ੍ਰਧਾਨ (ਹੈ.ਕੁ.), ਲੈਕਚਰਾਰ ਗੁਲਸ਼ਨ ਕੁਮਾਰ ਸਿੰਘ ਜੀ ਨੇ ਇਸ ਮੌਕੇ ਤੇ ਆਈਆਂ ਹੋਈਆਂ ਸੰਗਤਾਂ ਦਾ ਤਹਿ ਦਿਲੋ ਧੰਨਵਾਦ ਕੀਤਾ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਡੈਂਟਲ ਕਲੀਨਿਕ ਦਾ ਕੰਮ ਚੰਗੇ ਤਰੀਕੇ ਨਾਲ ਸੰਭਾਲ ਰਹੇ ਹਨ ਅਤੇ ਡਾ. ਅਕਸ਼ੇ ਠਾਕੁਰ (ਐਮ.ਡੀ.ਐਸ.) ਇਸ ਕੰਮ ਨੂੰ ਬੜੀ ਹੀ ਜ਼ਿੰਮੇਵਾਰੀ ਨਾਲ ਨਿਭਾ ਰਹੇ ਹਨ। ਕਾਫ਼ੀ ਮਰੀਜ਼ ਇਥੇ ਦੀਆਂ ਡੈਂਟਲ ਸੇਵਾਵਾਂ ਦਾ ਲਾਭ ਲੈ ਰਹੇ ਹਨ।

4. **ਵਰਕਿੰਗ ਕਮੇਟੀ ਦੀ ਮੀਟਿੰਗ** - ਵਰਕਿੰਗ ਕਮੇਟੀ ਦੀ ਚੌਥੀ ਮੀਟਿੰਗ ਮਿਤੀ 07.07.2025 ਨੂੰ ਲੁਬਾਣਾ ਭਵਨ ਦੇ ਕਾਨਫ਼ਰੰਸ ਹਾਲ ਵਿੱਚ 11.30 ਵਜੇ ਹੋਈ। ਜਿਸ ਵਿਚ ਵਰਕਿੰਗ ਕਮੇਟੀ ਦੇ ਮਾਨਯੋਗ ਮੈਂਬਰਾਂ ਨੇ ਆਪਣੀ ਹਾਜ਼ਰੀ ਭਰੀ। ਮੀਟਿੰਗ ਵਿਚ ਏਜੰਡੇ ਦੇ ਮੁਤਾਬਕ ਅਲੱਗ-ਅਲੱਗ ਮੁੱਦਿਆਂ 'ਤੇ ਵਿਸਤਾਰ ਵਿਚ ਚਰਚਾ ਕੀਤੀ ਗਈ ਅਤੇ ਬੜੇ ਹੀ ਸੁਚਾਰੂ ਢੰਗ ਨਾਲ ਸਮਾਪਤ ਕੀਤੀ ਗਈ।

5. **ਵਿੱਤ ਕਮੇਟੀ ਦੀ ਮੀਟਿੰਗ** - ਵਿੱਤ ਕਮੇਟੀ ਦੀ ਮੀਟਿੰਗ ਮਿਤੀ 07.07.2025 ਨੂੰ 02.30 ਵਜੇ ਲੁਬਾਣਾ ਭਵਨ ਵਿਖੇ ਹੋਈ। ਜਿਸ ਵਿਚ ਜੁਲਾਈ ਤੱਕ ਦੇ ਹਰ ਆਮਦਨ ਅਤੇ ਖਰਚਿਆਂ ਤੇ ਵਿਸਤਾਰ ਵਿਚ ਮੈਂਬਰਾਂ ਨੇ ਚਰਚਾ ਕੀਤੀ। ਸਾਰੇ ਮੁੱਦਿਆ ਤੇ ਵਿਸਤਾਰ ਵਿਚ ਚਰਚਾ ਹੋਣ ਉਪਰੰਤ ਮੀਟਿੰਗ ਦੀ ਸਮਾਪਤੀ ਚੰਗੇ ਢੰਗ ਨਾਲ ਕੀਤੀ ਗਈ।

6. **ਮੈਰਿਟ ਕਮ ਮੀਨਜ਼ ਸਕਾਲਰਸ਼ਿਪ** - ਇਸ ਸਕੀਮ ਦੇ ਅਧੀਨ ਪ੍ਰਧਾਨ ਜੀ ਦੀ ਮਨਜ਼ੂਰੀ ਦੇ ਬਾਅਦ ਜੁਲਾਈ ਦੇ ਦੂਸਰੇ ਹਫ਼ਤੇ ਵਿਚ 6 ਹੋਰ ਵਿਦਿਆਰਥੀਆਂ ਨੂੰ 18,000/- ਰੁਪਏ ਦੀ ਰਾਸ਼ੀ ਅਦਾ ਕਰ ਦਿੱਤੀ ਗਈ। ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਯੋਗ ਅਤੇ ਗਰੀਬ ਘਰਾਂ ਦੇ ਬੱਚਿਆਂ ਨੂੰ ਇਸ ਸਕੀਮ ਦਾ ਲਾਭ ਲੈਣ ਲਈ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕਰਨ।

7. **ਜ਼ੋਨਲ ਪਲਾਨ ਵਿਚ ਸੁਧਾਰ ਸੰਬੰਧੀ ਪੱਤਰ ਬਾਰੇ** - ਐਸ.ਡੀ.ਓ. ਬਿਲਡਿੰਗ (ਅਸਟੇਟ ਆਫ਼ਿਸ), ਸੈਕਟਰ-17, ਚੰਡੀਗੜ੍ਹ ਦੇ ਐਸ.ਡੀ.ਓ. ਵਲੋਂ ਚੀਫ਼ ਆਰਕੀਟੈਕਟ ਨੂੰ ਮਿਤੀ 23.07.2025 ਨੂੰ ਇਕ ਪੱਤਰ ਲਿਖਿਆ ਗਿਆ। ਜਿਸ ਵਿਚ ਜ਼ੋਨਲ ਪਲਾਨ ਵਿਚ ਸੁਧਾਰ ਸੰਬੰਧੀ ਬੜੇ ਹੀ ਸਾਫ਼ ਤੌਰ ਤੇ ਲਿਖ ਦਿੱਤਾ ਗਿਆ ਹੈ। ਇਸ ਸੰਬੰਧ ਵਿਚ ਕਰਨਲ ਗੁਰਦੀਪ ਸਿੰਘ (ਰਿਟਾ.), ਵੀ.ਪੀ. (ਹੈ.ਕੁ.) ਨੇ ਖੁਦ ਜਾ ਕੇ ਐਸ.ਡੀ.ਓ. ਬਿਲਡਿੰਗ ਨਾਲ ਸੰਪਰਕ ਕੀਤਾ ਅਤੇ ਬਹੁਤ ਕੋਸ਼ਿਸ਼ਾਂ ਤੋਂ ਬਾਅਦ ਇਹ ਪੱਤਰ ਲਿਖਵਾਉਣ ਵਿਚ ਕਾਮਯਾਬੀ ਹਾਸਲ ਕੀਤੀ। ਇਸ ਦੇ ਨਾਲ ਹੀ ਬਹੁਤ ਜਲਦ ਹੀ ਚੀਫ਼ ਆਰਕੀਟੈਕਟ ਵਲੋਂ ਲੁਬਾਣਾ ਭਵਨ ਦੇ ਜ਼ੋਨਲ ਪਲਾਨ ਵਿਚ ਸੁਧਾਰ ਦੀ ਵੀ ਉਮੀਦ ਹੈ। ਇਸ ਸੰਬੰਧ ਵਿਚ ਕਰਨਲ ਗੁਰਦੀਪ ਸਿੰਘ ਜੀ ਅੱਗੇ ਵੀ ਸਮੇਂ-ਸਮੇਂ ਤੇ ਸਾਰੀ ਕਾਰਵਾਈ ਅਤੇ ਕੋਸ਼ਿਸ਼ਾਂ ਕਰਦੇ ਰਹਿਣਗੇ।

● ● ●

**ਅਕਲ ਕੱਪੜਿਆਂ ਵਿਚੋਂ ਨਹੀਂ, ਮਨੁੱਖ ਦੀਆਂ ਆਦਤਾਂ ਤੇ ਗੱਲਬਾਤ ਵਿਚੋਂ ਝਲਕਦੀ ਹੈ।**

# ਭਾਰਤ ਦੀ ਆਜ਼ਾਦੀ ਵਿਚ ਪੰਜਾਬ ਦਾ ਯੋਗਦਾਨ

ਪ੍ਰੋ. ਹਮਦਰਦਵੀਰ ਨੌਸ਼ਹਿਰਵੀ

"ਜਲ੍ਹਿਆਂਵਾਲੇ ਬਾ.ਗ ਅੰਮ੍ਰਿਤਸਰ ਦਾ ਖ਼ੂਨੀ ਸਾਕਾ ਊਧਮ ਸਿੰਘ ਨੇ ਠਾਣ ਲਿਆ ਸੀ ਕਿ ਇਸ ਕਤਲੇਆਮ ਦਾ ਬਦਲਾ ਜ਼ਰੂਰ ਲੈਣਾ ਹੈ। ਪੂਰੇ 21 ਸਾਲਾਂ ਬਾਅਦ, 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿਖੇ, ਊਧਮ ਸਿੰਘ ਨੇ ਸਰ ਮਾਈਕਲ ਓਡਵਾਇਰ ਨੂੰ ਮਾਰ ਮੁਕਾਇਆ ਸੀ। ਊਧਮ ਸਿੰਘ ਮੌਕੇ ਤੋਂ ਫ਼ਰਾਰ ਨਹੀਂ ਸੀ ਹੋਇਆ, ਸਗੋਂ ਕਿਹਾ ਕਿ ਉਹਨੇ ਆਪਣਾ ਵਚਨ ਪੂਰਾ ਕੀਤਾ ਸੀ। ਆਪਣੇ ਲੋਕਾਂ ਦੇ ਕਾਤਲ ਤੋਂ ਬਦਲਾ ਲਿਆ ਸੀ। ਊਧਮ ਸਿੰਘ ਨੇ ਐਲਾਨ ਕੀਤਾ ਕਿ ਉਸ ਦਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਹੈ।"



5 ਜੁਲਾਈ 1856 ਨੂੰ ਭਾਰਤ ਦੀ ਜੰਗ-ਏ-ਆਜ਼ਾਦੀ ਦਾ ਪਹਿਲਾ ਸ਼ਹੀਦ, ਪੰਜਾਬ ਦਾ ਮਹਾਨ ਸਪੂਤ ਭਾਈ ਮਹਾਰਾਜ ਸਿੰਘ ਨਾਰੰਗਵਾਲ ਸੀ। ਭਾਰਤ ਨੂੰ ਆਜ਼ਾਦ ਹੋਇਆਂ ਨੂੰ 77 ਸਾਲ ਤੋਂ ਉੱਪਰ ਹੋ ਚੁੱਕੇ ਹਨ। ਆਜ਼ਾਦੀ ਐਵੇਂ ਹੀ ਪ੍ਰਾਪਤ ਨਹੀਂ ਸੀ ਹੋ ਗਈ। ਆਜ਼ਾਦੀ ਪ੍ਰਾਪਤੀ ਲਈ ਲੰਮਾਂ ਸਮਾ ਸੰਘਰਸ਼ ਕਰਨਾ ਪਿਆ ਸੀ। 1849 ਵਿਚ ਮਹਾਰਾਜਾ ਰਣਜੀਤ ਸਿੰਘ ਦਾ ਆਜ਼ਾਦ ਧਰਮ-ਨਿਰਪੱਖ ਰਾਜ, ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਨਾਲ ਸਮਾਪਤ ਹੋ ਗਿਆ ਸੀ। ਪੰਜਾਬ ਦੇ ਲੋਕਾਂ ਵਿਚ ਅੰਗਰੇਜ਼ੀ ਸਰਕਾਰ ਵਿਰੁੱਧ ਬਹੁਤ ਗੁੱਸਾ ਸੀ ? ਪੰਜਾਬੀ ਨੌਜਵਾਨ ਮਦਨ ਲਾਲ ਢੀਂਗਰਾ ਨੇ ਅੰਗਰੇਜ਼ੀ ਰਾਜ ਪ੍ਰਤੀ ਵਿਰੋਧ ਜ਼ਾਹਿਰ ਕਰਦਿਆਂ, ਅੰਗਰੇਜ਼ ਅਫ਼ਸਰ ਵਿਲੀਅਮ ਕਰਜ਼ਨ ਵਾਇਲੀ ਨੂੰ ਗੋਲੀ ਨਾਲ ਉਡਾ ਦਿੱਤਾ ਸੀ। 16 ਅਗਸਤ, 1909 ਨੂੰ ਸ਼ਹੀਦ ਮਦਨ ਲਾਲ ਢੀਂਗਰਾ ਸ਼ਹੀਦੀ ਦਾ ਜਾਮ ਪੀ ਗਿਆ ਸੀ।

ਭਾਰਤ ਦੀ ਆਜ਼ਾਦੀ ਦੇ ਅੰਦੋਲਨ ਵਿਚ ਕੂਕਾ ਲਹਿਰ ਦਾ ਵੀ ਕਾਫ਼ੀ ਯੋਗਦਾਨ ਹੈ। ਬਾਬਾ ਰਾਮ ਸਿੰਘ ਦੀ ਅਗਵਾਈ ਵਿਚ ਕੂਕਿਆਂ ਨੇ ਅੰਗਰੇਜ਼ੀ ਸਰਕਾਰ ਨਾਲ ਅਸਹਿਯੋਗ ਦਾ ਨਾਅਰਾ ਦਿੱਤਾ ਸੀ। ਗਊ ਹੱਤਿਆ ਵਿਰੁੱਧ ਸੰਘਰਸ਼ ਕਰਦਿਆਂ, ਕੂਕਿਆਂ ਨੇ ਮਾਲੇਰਕੋਟਲਾ ਦੇ ਬੁੱਚੜਾਂ ਉੱਤੇ ਹਮਲਾ ਕੀਤਾ। 15 ਜਨਵਰੀ, 1872 ਨੂੰ ਕੂਕਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਸੀ। 66 ਕੂਕੇ ਸ਼ਹੀਦ ਹੋ ਗਏ ਸਨ।

1941 ਵਿਚ ਜਨਰਲ ਮੋਹਨ ਸਿੰਘ ਨੇ ਆਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਕੀਤੀ ਸੀ, 1942 ਵਿਚ ਜਨਰਲ ਮੋਹਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ, 1943 ਵਿਚ ਆਜ਼ਾਦ ਹਿੰਦ ਫੌਜ ਦੀ ਕਮਾਂਡ ਸੁਭਾਸ਼ ਚੰਦਰ ਬੋਸ ਨੇ ਸੰਭਾਲ ਲਈ ਸੀ। ਆਜ਼ਾਦ ਹਿੰਦ ਫੌਜ ਵਿਚ ਪੰਜਾਬੀਆਂ ਦਾ ਸਭ ਤੋਂ ਵਧੇਰੇ ਯੋਗਦਾਨ ਸੀ।

ਪੰਜਾਬ ਵਿਚੋਂ ਅਮਰੀਕਾ ਗਏ ਕਿਸਾਨਾਂ ਨੇ ਅਮਰੀਕਾ ਦੇ ਸਾਨਫ਼ਰਾਂਸਿਸਕੋ ਸ਼ਹਿਰ ਵਿਚ ਭਾਰਤ ਨੂੰ ਆਜ਼ਾਦ ਕਰਾਉਣ ਦਾ ਸੁਪਨਾ ਵੇਖਿਆ ਸੀ। 1913 ਵਿਚ ਗ਼ਦਰ ਅਖ਼ਬਾਰ ਸ਼ੁਰੂ ਕੀਤਾ ਸੀ। ਭਾਰਤ ਵਿਚ ਸਮਾਜਵਾਦੀ ਇਨਕਲਾਬ ਲਿਆਉਣ ਲਈ ਗ਼ਦਰ ਪਾਰਟੀ ਕਾਇਮ ਕੀਤੀ ਗਈ ਸੀ। ਗ਼ਦਰ ਪਾਰਟੀ ਦੇ ਪ੍ਰਮੁੱਖ ਆਗੂ ਸਨ- ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ, ਬਾਬਾ ਕੇਸਰ ਸਿੰਘ ਠੱਠਗੜ੍ਹ, ਪੰਡਿਤ ਕਾਂਸ਼ੀ ਰਾਮ, ਲਾਲਾ ਹਰਦਿਆਲ, ਬਾਬਾ ਵਿਸਾਖਾ ਸਿੰਘ, ਜਵਾਲਾ ਸਿੰਘ ਠੱਠੀਆਂ, ਭਾਈ ਭਗਵਾਨ ਸਿੰਘ। 1915 ਵਿਚ ਭਾਰਤ ਪਰਤ ਕੇ ਭਾਰਤ ਨੂੰ ਹਥਿਆਰਬੰਦ ਢੰਗ ਨਾਲ ਆਜ਼ਾਦ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਕਰਤਾਰ ਸਿੰਘ ਸਰਾਭਾ ਨੂੰ 13 ਸਤੰਬਰ, 1915 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਫ਼ਾਂਸੀ ਲਾ ਦਿੱਤੀ ਸੀ।

ਲਾਹੌਰ ਸਾਜ਼ਿਸ ਕੇਸ ਅਤੇ ਪਹਿਲੇ ਤੇ ਦੂਜੇ ਸਪਲੀਮੈਂਟਰੀ ਸਾਜ਼ਿਸ਼ ਕੇਸਾਂ ਵਿਚ ਇਨ੍ਹਾਂ ਗਦਰੀ ਸੂਰਬੀਰਾਂ ਨੂੰ ਮੌਤ ਦੀ ਸਜ਼ਾ ਫ਼ਾਂਸੀ ਲਾ ਕੇ ਸ਼ਹੀਦ ਕੀਤਾ ਗਿਆ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ ਇਨ੍ਹਾਂ ਵਿਚ- ਬਖਸ਼ੀਸ਼ ਸਿੰਘ ਗਿਲਵਾਲੀ, ਹਰਨਾਮ ਸਿੰਘ ਭੱਟੀ ਗੁਰਾਇਆ, ਜਗਤ ਸਿੰਘ ਸੁਰਸਿੰਘ, ਕਰਤਾਰ ਸਿੰਘ ਸਰਾਭਾ, ਸੁਰੈਣ ਸਿੰਘ ਗਿਲਵਾਲੀ, ਸੁਰੈਣ ਸਿੰਘ ਪੁੱਤਰ ਈਸ਼ਰ ਸਿੰਘ ਗਿਲਵਾਲੀ, ਬੀਰ ਸਿੰਘ ਬਾਹੂਵਾਲ,

ਈਸ਼ਰ ਸਿੰਘ ਢੁਡੀਕੇ, ਰੰਗਾ ਸਿੰਘ ਖੁਰਦਪੁਰ, ਰੂੜ ਸਿੰਘ ਤਲਵੰਡੀ ਦੁਸਾਂਝ, ਉੱਤਮ ਸਿੰਘ ਹਾਂਸ, ਬਾਬੂ ਰਾਮ ਫਤਹਿਗੜ੍ਹ, ਬਲਵੰਤ ਸਿੰਘ ਖੁਰਦਪੁਰ, ਨਾਮਾ ਫਤਹਿਗੜ੍ਹ, ਹਾਫਿਜ਼ ਅਬਦੁਲਾ ਜਗਰਾਓਂ, ਰੂੜ ਸਿੰਘ ਸੰਗਵਾਲ।

ਮਾਂਡਲੇ (ਬਰਮਾ) ਸਾਜ਼ਿਸ਼ ਕੇਸ ਵਿਚ ਜਿਨ੍ਹਾਂ ਗ਼ਦਰੀ ਬਹਾਦਰਾਂ ਨੂੰ ਜਾਇਦਾਦ ਦੀ ਜ਼ਬਤੀ ਦੇ ਨਾਲ ਮੌਤ ਦੀ ਸਜ਼ਾ ਦੇ ਕੇ ਫ਼ਾਂਸੀ ਲਾਇਆ ਗਿਆ ਉਹ ਸਨ-ਹਰਨਾਮ ਸਿੰਘ ਕਾਹਰੀ ਸਾਹਰੀ, ਚਾਲੀਆ ਰਾਮ ਸਾਹਨੇਵਾਲ, ਵਸਾਵਾ ਸਿੰਘ ਵਾੜਾ, ਨਰੈਣ ਸਿੰਘ ਬਾਲੋ, ਨਰਿੰਜਨ ਸਿੰਘ ਸੰਗਤਪੁਰਾ, ਪਾਲਾ ਸਿੰਘ ਸ਼ੇਰਪੁਰ, ਅਮਰ ਸਿੰਘ ਸ਼ੇਰਪੁਰ ਕਲਾਂ।

ਵੱਖ-ਵੱਖ ਕੇਸਾਂ ਅਧੀਨ ਜਿਨ੍ਹਾਂ ਹੋਰ ਗ਼ਦਰੀ ਇਨਕਲਾਬੀ ਯੋਧਿਆਂ ਨੂੰ ਫ਼ਾਂਸੀ ਲਾ ਕੇ ਸ਼ਹੀਦ ਕੀਤਾ ਗਿਆ ਉਹ ਸਨ-ਕਾਂਸ਼ੀ ਰਾਮ ਮੜੌਲੀ, ਰਹਿਮਤ ਅਲੀ ਵਜੀਦ ਕੇ, ਬਖਸ਼ੀਸ਼ ਸਿੰਘ ਖਾਨਪੁਰ, ਜੀਵਨ ਸਿੰਘ ਧੂਲੇ ਸਿੰਘ ਵਾਲਾ, ਲਾਲ ਸਿੰਘ ਸਹਾਬਾਨਾ, ਧਿਆਨ ਸਿੰਘ ਉਮਰਪੁਰਾ, ਕਰਮ ਸਿੰਘ ਉਮਰਪੁਰਾ, ਜਗਤ ਸਿੰਘ ਚੰਝਲਾ, ਗਾਂਧਾ ਸਿੰਘ ਕਚਰਭਾਨ, ਸੁਰਜਨ ਸਿੰਘ ਫਤਹਿਗੜ੍ਹ, ਡਾ. ਮਥਰਾ ਸਿੰਘ ਢੁਡਿਆਲਾ, ਜਵੰਦ ਸਿੰਘ ਨੰਗਲ, ਕਾਲਾ ਸਿੰਘ ਜਗਤਪੁਰ, ਚਰਨ ਸਿੰਘ ਪਿੰਡ ਬੂੜ ਚੰਦ, ਹਰਨਾਮ ਸਿੰਘ ਠੱਠੀਖਾਰਾ, ਆਤਮਾ ਸਿੰਘ ਠੱਠੀਖਾਰਾ, ਬੰਤਾ ਸਿੰਘ ਸੰਘਵਾਲ, ਅਰਜਨ ਸਿੰਘ ਖੋਦਰਾਨਾ, ਪ੍ਰੇਮ ਸਿੰਘ ਸੁਰਸਿੰਘ, ਈਸ਼ਰ ਸਿੰਘ ਪੱਧਰੀਕਲਾਂ, ਕਾਲਾ ਸਿੰਘ ਪੁੱਤਰ ਚੰਨਣ ਸਿੰਘ, ਬੂਟਾ ਸਿੰਘ ਅਕਾਲਗੜ੍ਹ।

42 ਗ਼ਦਰੀ ਇਨਕਲਾਬੀ ਦੇਸ਼ ਭਗਤਾਂ ਨੂੰ ਮੌਤ ਦੀ ਸਜ਼ਾ ਦੇ ਕੇ ਫ਼ਾਂਸੀ ਦਿੱਤੀ ਗਈ। 114 ਗ਼ਦਰੀ ਯੋਧਿਆਂ ਨੂੰ ਉਮਰ ਕੈਦ ਹੋਈ। ਬਾਬਾ ਗੁਰਮੁੱਖ ਸਿੰਘ ਲਲਤੋਂ, ਬਾਬਾ ਪ੍ਰਿਥੀ ਸਿੰਘ ਆਜ਼ਾਦ ਚਲ ਦੀ ਰੇਲ ਗੱਡੀ ਵਿਚੋਂ ਹੱਥਕੜੀਆਂ ਤੇ ਬੇੜੀਆਂ ਸਮੇਤ, ਹੇਠਾਂ ਛਾਲਾਂ ਮਾਰ ਗਏ। ਮੁੜ ਹੱਥ ਨਾ ਆਏ।

ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਕਾਮਾਗਾਟਾਮਾਰੂ ਨਾਲ ਸੰਬੰਧਿਤ ਘਟਨਾ ਵੀ ਖ਼ਾਸ ਮਹੱਤਵ ਰੱਖਦੀ ਹੈ। ਸਰਹਾਲੀ ਕਲਾਂ (ਅੰਮ੍ਰਿਤਸਰ) ਦੇ ਬਹਾਦਰ ਸੱਜਣ ਬਾਬਾ ਗੁਰਦਿੱਤ ਸਿੰਘ ਨੇ ਜਾਪਾਨੀ ਜਹਾਜ਼ ਕਾਮਾਗਾਟਾ ਮਾਰੂ, ਕੈਨੇਡਾ ਜਾਣ ਲਈ ਕਿਰਾਏ ਉੱਤੇ ਲਿਆ। 376 ਭਾਰਤੀ ਮੁਸਾਫ਼ਰਾਂ ਨੂੰ ਲੈ ਕੇ ਇਹ ਜਹਾਜ਼ 22 ਮਈ 1914 ਨੂੰ ਵੈਨਕੂਵਰ ਦੀ ਬੰਦਰਗਾਹ ਤੋਂ ਦੂਰ ਕੈਨੇਡਾ ਦੀ ਅੰਗਰੇਜ਼ੀ ਸਰਕਾਰ ਨੇ ਰੋਕ ਲਿਆ। ਮੁਸਾਫ਼ਰਾਂ ਨੂੰ ਉਤਰਨ ਨਹੀਂ ਦਿੱਤਾ। ਦੋ ਮਹੀਨੇ ਬਾਅਦ ਇਹ ਜਹਾਜ਼ ਵਾਪਸ ਸਫ਼ਰ ਕਰ ਕੇ, 22 ਜੁਲਾਈ, 1914 ਨੂੰ ਕਲਕੱਤਾ ਨੇੜੇ ਬਜਬਜ ਘਾਟ ਉੱਤੇ ਲੱਗਾ।

ਅੰਗਰੇਜ਼ੀ ਪੁਲਿਸ ਨੇ ਗੋਲੀਆਂ ਨਾਲ ਸਵਾਗਤ ਕੀਤਾ। 18 ਯਾਤਰੀ ਮਾਰੇ ਗਏ, 36 ਯਾਤਰੀ ਜ਼ਖ਼ਮੀ ਹੋਏ । ਬਾਬਾ ਗੁਰਦਿੱਤ ਸਿੰਘ, 32 ਹੋਰ, ਬਚ ਕੇ ਭੱਜਣ ਵਾਲੇ ਯਾਤਰੀਆਂ ਵਿਚ ਸ਼ਾਮਿਲ ਸਨ।

13 ਅਪ੍ਰੈਲ 1919, ਵਿਸਾਖੀ ਵਾਲੇ ਦਿਨ ਜਲ੍ਹਿਆਂਵਾਲੇ ਬਾਗ਼, ਅੰਮ੍ਰਿਤਸਰ ਇਕ ਵਿਸ਼ਾਲ ਜਨ ਸਭਾ ਉੱਤੇ ਜਨਰਲ ਡਾਇਰ ਦੇ ਹੁਕਮਾਂ ਨਾਲ, ਗੋਲ਼ੀਆਂ ਦਾ ਮੀਂਹ ਵਰਸਾਇਆ ਗਿਆ। ਕਰੀਬ ਇਕ ਹਜ਼ਾਰ ਨਿਰਦੋਸ਼ ਭਾਰਤੀ ਮਾਰੇ ਗਏ। ਭਾਰਤ ਭਰ ਵਿਚ ਅੰਗਰੇਜ਼ਾਂ ਵਿਰੁੱਧ ਗੁੱਸਾ ਬਹੁਤ ਭਖਿਆ।

ਭਾਰਤ ਦੀ ਆਜ਼ਾਦੀ ਲਹਿਰ ਵਿਚ ਬੱਬਰ ਅਕਾਲੀ ਲਹਿਰ ਦਾ ਵੀ ਯੋਗਦਾਨ ਹੈ। ਧੰਨਾ ਸਿੰਘ ਬੱਬਰ ਨੇ ਹੱਥਕੜੀਆਂ ਤੇ ਬੇੜੀਆਂ ਵਿਚ ਜਕੜੇ ਨੇ ਹੀ ਐਸ.ਪੀ. ਹਾਰਟਨ ਨੂੰ ਉਡਾ ਦਿੱਤਾ ਸੀ, ਨਾਲ ਹੀ ਆਪ ਵੀ ਮਾਰਿਆ ਗਿਆ ਸੀ। 27 ਫਰਵਰੀ 1926 ਨੂੰ ਛੇ ਬੱਬਰਾਂ ਨੂੰ ਫ਼ਾਂਸੀ ਦੀ ਸਜ਼ਾ ਹੋਈ ਸੀ। ਇਹ ਬੱਬਰ ਯੋਧੇ ਸਨ-ਕਿਸ਼ਨ ਸਿੰਘ ਗੜਗੱਜ, ਬਾਬੂ ਸੰਤਾ ਸਿੰਘ, ਦਲੀਪ ਸਿੰਘ, ਨੰਦ ਸਿੰਘ, ਕਰਮ ਸਿੰਘ, ਧਰਮ ਸਿੰਘ।

1928 ਵਿਚ ਕੇਵਲ ਅੰਗਰੇਜ਼ ਮੰਤਰੀਆਂ ਦਾ ਇਕ ਮੰਡਲ ਸਾਈਮਨ ਕਮਿਸ਼ਨ ਦੇ ਰੂਪ ਵਿਚ ਭਾਰਤ ਆਇਆ ਸੀ। ਲਾਹੌਰ ਵਿਖੇ ਲਾਲਾ ਲਾਜਪਤ ਰਾਏ ਦੀ ਅਗਵਾਈ ਵਿਚ ਇਸ ਕਮਿਸ਼ਨ ਦੇ ਵਿਰੁੱਧ ਜਲੂਸ ਕੱਢਿਆ ਗਿਆ ਸੀ। ਲਾਠੀਚਾਰਜ ਹੋਇਆ। ਲਾਲਾ ਲਾਜਪਤ ਰਾਏ ਜ਼ਖ਼ਮੀ ਹੋਣ ਤੋਂ ਬਾਅਦ 17 ਨਵੰਬਰ 1928 ਨੂੰ ਅਕਾਲ ਚਲਾਣਾ ਕਰ ਗਏ ਸਨ। ਲਾਲਾ ਜੀ ਦੀ ਸ਼ਹੀਦੀ ਦਾ ਬਦਲਾ ਬਾਅਦ ਵਿਚ ਸ਼ਹੀਦ ਭਗਤ ਸਿੰਘ ਨੇ ਲਿਆ ਸੀ।

ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਪੰਜਾਬ ਵਿਚ ਚੰਦਰ ਸ਼ੇਖਰ ਆਜ਼ਾਦ ਦੀ ਅਗਵਾਈ ਵਿਚ ਹਿੰਦੁਸਤਾਨ ਸਮਾਜਵਾਦੀ ਗਣਤੰਤਰ ਸੈਨਾ ਕਾਇਮ ਕੀਤੀ ਗਈ। ਅੰਗਰੇਜ਼ਾਂ ਨੂੰ ਭਾਰਤ ਛੱਡ ਜਾਣ ਲਈ ਚਿਤਾਵਨੀ ਦੇਣ ਲਈ, ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ 8 ਅਪ੍ਰੈਲ 1929 ਨੂੰ ਭਾਰਤ ਦੀ ਕੇਂਦਰੀ ਅਸੈਂਬਲੀ ਵਿਚ ਜ਼ੋਰਦਾਰ ਧਮਾਕਾ ਕੀਤਾ। ਇਨਕਲਾਬ ਜ਼ਿੰਦਾਬਾਦ, ਬਰਤਾਨਵੀ ਸਾਮਰਾਜ ਮੁਰਦਾਬਾਦ ਦੇ ਨਾਅਰੇ ਲਾਏ। 23 ਮਾਰਚ, 1931 ਨੂੰ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫ਼ਾਂਸੀ ਲਗਾਈ ਗਈ। ਆਜ਼ਾਦੀ ਦੀ ਲਹਿਰ ਹੋਰ ਪ੍ਰਚੰਡ ਹੋਈ।

ਜਲ੍ਹਿਆਂਵਾਲੇ ਬਾਗ਼ ਅੰਮ੍ਰਿਤਸਰ ਦਾ ਖ਼ੂਨੀ ਸਾਕਾ ਊਧਮ ਸਿੰਘ ਨੇ ਠਾਣ ਲਿਆ ਸੀ ਕਿ ਇਸ ਕਤਲੇਆਮ ਦਾ ਬਦਲਾ ਜ਼ਰੂਰ ਲੈਣਾ ਹੈ। ਪੂਰੇ 21 ਸਾਲਾਂ ਬਾਅਦ, 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿਖੇ, ਊਧਮ ਸਿੰਘ ਨੇ ਸਰ ਮਾਈਕਲ ਓਡਵਾਇਰ ਨੂੰ ਮਾਰ ਮੁਕਾਇਆ ਸੀ। ਊਧਮ ਸਿੰਘ ਮੌਕੇ ਤੋਂ ਫ਼ਰਾਰ ਨਹੀਂ ਸੀ ਹੋਇਆ, ਸਗੋਂ ਕਿਹਾ ਕਿ ਉਹਨੇ ਆਪਣਾ ਵਚਨ ਪੂਰਾ ਕੀਤਾ ਸੀ। ਆਪਣੇ ਲੋਕਾਂ ਦੇ ਕਾਤਲ ਤੋਂ ਬਦਲਾ ਲਿਆ ਸੀ। ਊਧਮ ਸਿੰਘ ਨੇ ਐਲਾਨ ਕੀਤਾ ਕਿ ਉਸ ਦਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਹੈ।

1942 ਦੀ ਭਾਰਤ ਛੱਡੋ ਲਹਿਰ ਵਿਚ ਵੀ ਪੰਜਾਬੀਆਂ ਦਾ ਵੱਡਾ ਯੋਗਦਾਨ ਸੀ। ਅਨੇਕਾਂ ਪੰਜਾਬੀਆਂ ਨੇ ਜੇਲ੍ਹਾਂ ਕੱਟੀਆਂ।

14 ਜਨਵਰੀ 1944 ਨੂੰ ਅੰਡੇਮਾਨ ਨਿਕੋਬਾਰ ਦੀ ਸੈਲੂਲਰ ਜੇਲ੍ਹ ਵਿਚ ਤਿੰਨ ਮਹੀਨੇ ਜਾਪਾਨੀਆਂ ਦੇ ਤਸੀਹੇ ਸਹਿੰਦਿਆਂ ਪੰਜਾਬ ਦੇ ਬਹਾਦਰ ਸਪੂਤ ਡਾ. ਦੀਵਾਨ ਸਿੰਘ ਕਾਲੇਪਾਣੀ ਨੇ ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਆਪਣੀ ਜਾਨ ਦੀ ਆਹੂਤੀ ਦੇ ਦਿੱਤੀ। ਇਸ ਤੋਂ ਪਹਿਲਾਂ 1914-15 ਵਿਚ ਦਰਜਨਾਂ ਸਿੱਖ ਗ਼ਦਰੀ ਬਾਬਿਆਂ ਨੂੰ ਏਸੇ ਜੇਲ੍ਹ ਵਿਚ ਲੰਮਾ ਸਮਾਂ ਤਸੀਹੇ ਦਿੱਤੇ ਜਾਂਦੇ ਰਹੇ ਸਨ।

ਆਖਰ ਅੰਗਰੇਜ਼ਾਂ ਨੂੰ ਭਾਰਤ ਛੱਡਣਾ ਪਿਆ। 15 ਅਗਸਤ, 1947 ਨੂੰ ਦੇਸ਼ ਆਜ਼ਾਦ ਹੋ ਗਿਆ।

ਹਜ਼ਾਰਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨਾਲ ਪ੍ਰਾਪਤ ਹੋਈ ਆਜ਼ਾਦੀ ਨੂੰ ਹੁਣ ਅਸੀਂ ਨਾ ਸਿਰਫ਼ ਕਾਇਮ ਹੀ ਰੱਖਣਾ ਹੈ, ਸਗੋਂ ਦੇਸ਼ ਭਗਤਾਂ ਦੇ ਆਰਥਿਕ ਖੁਸ਼ਹਾਲੀ ਦੇ ਸਾਰੇ ਸੁਪਨੇ ਵੀ ਪੂਰੇ ਕਰਨੇ ਹਨ। ਦੇਸ਼ ਨੂੰ ਭੁੱਖ-ਨੰਗ, ਬੇਰੁਜ਼ਗਾਰੀ, ਅਨਪੜ੍ਹਤਾ, ਭ੍ਰਿਸ਼ਟਾਚਾਰ, ਚੋਰ ਬਾਜ਼ਾਰੀ ਆਦਿ ਤੋਂ ਮੁਕਤ ਕਰਨਾ ਹੈ।

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

**ਹੋਰ ਨਾ ਭੁੱਲਣ ਯੋਗ ਯਾਦਾਂ**

**1. ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਆਪ੍ਰੇਸ਼ਨ ਨੀਲਾ ਤਾਰਾ** : ਜੂਨ 1984 ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਫੌਜ ਵੱਲੋਂ ਕੀਤਾ ਗਿਆ ਆਪ੍ਰੇਸ਼ਨ ਨੀਲਾ ਤਾਰਾ ਇਕ ਕਦੇ ਨਾ ਭੁੱਲਣ ਵਾਲਾ ਦੁਖਦਾਈ ਕਹਿਰ ਸੀ।

ਸ਼ਬਦ 'ਟਕਸਾਲ' ਦਾ ਅਰਥ ਉਹ ਥਾਂ ਹੈ ਜਿੱਥੇ ਸਿੱਕੇ ਢਾਲੇ ਜਾਂਦੇ ਹਨ ਅਤੇ ਇਹ ਉਨ੍ਹਾਂ ਸਿੱਖ ਸਕੂਲ-ਸੰਸਥਾਵਾਂ ਲਈ ਵਰਤਿਆ ਜਾਂਦਾ ਹੈ ਜਿਹੜੇ ਗੁਰੂ ਸਾਹਿਬਾਨ ਦੇ ਸ਼ੁੱਧ ਅਤੇ ਅਸਲੀ ਸੰਦੇਸ਼ ਦਾ ਪ੍ਰਚਾਰ ਕਰਦੇ ਹਨ। ਦਮਦਮੀ ਟਕਸਾਲ ਦੀ ਸਥਾਪਨਾ ਸ਼ਹੀਦ ਬਾਬਾ ਦੀਪ ਸਿੰਘ ਨੇ ਕੀਤੀ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦਮਦਮੀ ਟਕਸਾਲ ਚੌਂਕ ਮਹਿਤਾ ਦਾ ਮੁਖੀ ਬਣ ਗਿਆ। ਕੱਟੜ ਪੰਥੀ ਸੋਚ ਦੇ ਧਾਰਨੀ ਧਾਰਮਿਕ ਆਗੂਆਂ ਦੀਆਂ ਗਤੀਵਿਧੀਆਂ ਕਾਰਨ ਹੌਲੀ-ਹੌਲੀ ਪੰਜਾਬ ਦੇ ਹਾਲਾਤ ਦਿਨ ਪ੍ਰਤੀ ਦਿਨ ਵਿਗੜਦੇ ਗਏ। ਸਾਰੇ ਪੰਜਾਬ ਵਿਚ ਸਹਿਮ ਅਤੇ ਦਹਿਸ਼ਤ ਦਾ ਮਾਹੌਲ ਸੀ। ਗਰਮ ਦਲੀਏ ਕਾਰਕੁੰਨ ਪਿੰਡਾਂ ਵਿਚ ਅੱਧੀ-ਅੱਧੀ ਰਾਤ ਨੂੰ ਜਾ ਕੇ ਘਰਾਂ ਵਿਚ ਜਬਰਨ ਲੰਗਰ ਪਾਣੀ ਛਕਦੇ ਅਤੇ ਜਾਂਦੀ ਵਾਰ ਮਾਇਆ ਦੇ ਗੱਫੇ ਲੈ ਕੇ ਜਾਂਦੇ। ਇਕ ਹੀ ਫਿਰਕੇ ਦੇ ਬੇ-ਗੁਨਾਹ ਲੋਕ ਮਾਰੇ ਜਾਣ ਲੱਗ ਪਏ। ਲੋਕਾਂ ਨੇ ਰਾਤ ਨੂੰ ਹਨ੍ਹੇਰੇ ਵਿਚ ਬਾਹਰ ਨਿਕਲਨਾ ਬੰਦ ਕਰ ਦਿੱਤਾ। ਹਰ ਵਿਅਕਤੀ ਸ਼ਾਮ ਤੱਕ ਸੁੱਖੀ ਸਾਂਦੀ ਘਰ ਆ ਕੇ ਸ਼ੁਕਰ ਮਨਾਉਂਦਾ। ਇਕ ਫਿਰਕੇ ਦੇ ਬਹੁਤ ਸਾਰੇ ਲੋਕ ਆਪਣੇ ਕਾਰੋਬਾਰ ਸਮੇਤ ਦੂਜੇ ਰਾਜਾਂ ਵਿਚ ਚਲੇ ਗਏ। ਸੰਤ ਭਿੰਡਰਾਂਵਾਲਾ ਪੁਲਸ ਕਾਰਵਾਈ ਤੋਂ ਬਚਣ ਲਈ ਆਪਣੇ ਸਾਥੀਆਂ ਸਮੇਤ ਦਰਬਾਰ ਸਾਹਿਬ ਕੰਪਲੈਕਸ ਵਿਖੇ ਅਕਾਲ ਤਖ਼ਤ ਦੀ ਬਿਲਡਿੰਗ ਵਿਚ ਪੱਕੇ ਠਿਕਾਣੇ ਬਣਾ ਕੇ ਰਹਿਣ ਲੱਗ ਪਿਆ। ਹਰ ਪ੍ਰਕਾਰ ਦਾ ਅਸਲਾ ਅਤੇ ਗੋਲੀ ਸਿੱਕਾ ਵੀ ਉਨ੍ਹਾਂ ਕੋਲ ਸੀ। ਗੰਨਾਂ ਗਲੇ ਵਿਚ ਪਾ ਕੇ ਪ੍ਰਕਰਮਾ ਵਿਚ ਘੁੰਮਦੇ ਨਜ਼ਰ ਆਉਂਦੇ। ਅਕਾਲ ਤਖ਼ਤ ਖਾਲੀ ਕਰਵਾਨਾ ਰਾਜ ਅਤੇ ਕੇਂਦਰੀ ਸਰਕਾਰਾਂ ਲਈ ਇਕ ਚੁਣੌਤੀ ਬਣ ਗਈ।

ਆਖਿਰ ਇਹ ਕੰਮ ਫੌਜ ਨੂੰ ਦਿੱਤਾ ਗਿਆ। ਲੈਫਟੀਨੈਂਟ ਜਨਰਲ ਸੁੰਦਰਜੀ ਦੇ ਹੱਥ ਸਮੁੱਚੀ ਕਮਾਨ ਸੀ। 3 ਜੂਨ 1984 ਤੋਂ ਸੈਨਾ ਨੇ ਹਰਿਮੰਦਰ ਸਾਹਿਬ ਗਿਰਦ ਘੇਰਾ ਪਾਇਆ ਸੀ। ਉਸ ਦੇ ਸਿਰ ਉਤੇ ਕਾਹਲੀ ਸਵਾਰ ਸੀ ਕਿਉਂਕਿ ਉਹ ਪਿੰਡਾਂ ਵਿਚ ਬਗਾਵਤ ਤੋਂ ਡਰਦਾ ਸੀ। 3 ਜੂਨ ਦੀ ਰਾਤ ਨੂੰ ਪੰਜਾਬ ਨੂੰ ਬਾਕੀ ਸਾਰੇ ਦੇਸ਼ ਤੋਂ ਵੱਖ ਕਰ ਦਿੱਤਾ ਗਿਆ। ਪ੍ਰਾਂਤ ਅੰਦਰ ਸਾਰੀ ਆਵਾਜਾਈ ਠੱਪ ਕਰ ਦਿੱਤੀ ਗਈ। ਟੈਲੀਫ਼ੋਨ ਦੀਆਂ ਤਾਰਾਂ ਕੱਟ ਦਿੱਤੀਆਂ ਗਈਆਂ। ਉਸ ਰਾਤ ਫੌਜ ਨੇ 37 ਹੋਰ ਸਿੱਖ ਗੁਰਦੁਆਰੇ ਵੀ ਘੇਰ ਲਏ। ਫੌਜ ਦੇ ਕਹਿਣ ਅਨੁਸਾਰ ਪਟਿਆਲੇ ਦੇ ਗੁਰਦੁਆਰੇ ਦੂਖਨਿਵਾਰਣ ਵਿਚ 20 ਮੌਤਾਂ ਹੋਈਆਂ। 5 ਜੂਨ ਸ਼ਾਮ 7 ਵਜੇ 16 ਕਵੈਲਰੀ ਰਜਮੈਂਟ ਦੇ ਟੈਂਕ ਹਰਿਮੰਦਰ ਸਾਹਿਬ ਵੱਲ ਵੱਧਣ ਲੱਗੇ। ਸੁੰਦਰ ਜੀ ਨੇ ਪ੍ਰੈਸ ਬਿਆਨ ਵਿਚ ਦੱਸਿਆ ਕਿ ਉਸ ਨੂੰ ਹਰਿਮੰਦਰ ਸਾਹਿਬ ਤੋਂ ਆਤੰਕਵਾਦੀਆਂ ਦਾ ਸਫ਼ਾਇਆ ਕਰਨ ਲਈ ਕਿਹਾ ਗਿਆ ਅਤੇ ਨਾਲ ਹੀ ਆਦੇਸ਼ ਦਿੱਤਾ ਗਿਆ ਕਿ ਜਿਥੇ ਤੱਕ ਸੰਭਵ ਹੋ ਸਕੇ ਹਰਿਮੰਦਰ ਸਾਹਿਬ ਨੂੰ ਕੋਈ ਨੁਕਸਾਨ ਨਾ ਪਹੁੰਚੇ ਅਤੇ ਅਕਾਲ ਤਖ਼ਤ ਦਾ ਵੀ ਘੱਟ ਤੋਂ ਘੱਟ ਨੁਕਸਾਨ ਹੋਵੇ। ਭਿੰਡਰਾਂਵਾਲਾ ਅਤੇ ਲੌਂਗੋਵਾਲ ਅਤੇ ਉਨ੍ਹਾਂ ਦੇ ਸਮਰਥਕਾਂ ਵਿਚਕਾਰ ਕਿਸੇ ਵੀ ਯੁੱਧ ਨੂੰ ਰੋਕਿਆ ਜਾਵੇ। ਘੰਟਾ ਘਰ ਦੇ ਸਾਹਮਣੇ ਦੇ ਚੌਂਕ ਵਿਚ 4 ਟੈਂਕ ਅਤੇ 3 ਬਖਤਰ ਬੰਦ ਗੱਡੀਆਂ ਸਨ। ਟੈਂਕਾਂ ਨੇ ਪਰਿਕਰਮਾ ਨੂੰ ਵਾਹ ਦਿੱਤਾ ਸੀ। ਅਫ਼ਸਰਾਂ ਨੇ ਦੱਸਿਆ ਕਿ 6 ਟੈਂਕ ਕੰਪਲੈਕਸ ਅੰਦਰ ਲਿਆਂਦੇ ਗਏ ਸਨ। ਤੇਜਾ ਸਿੰਘ ਸਮੁੰਦਰੀ ਹਾਲ ਵਿਚ ਕੋਈ 250 ਇਸਤਰੀ ਪੁਰਸ਼ ਵਿਹੜੇ ਵਿਚ ਇਕੱਠੇ ਹੋਏ। ਲੋਕਾਂ ਨੂੰ ਸਮਰਪਣ ਕਰਦੇ ਵੇਖ ਕੇ ਕੁਝ ਆਤੰਕਵਾਦੀਆਂ ਨੇ ਉਨ੍ਹਾਂ ਤੇ ਹੱਥ ਗੋਲਾ ਸੁੱਟਿਆ। ਫੌਜ ਨੇ ਸੋਚਿਆ ਕਿ ਉਨ੍ਹਾਂ ਵਿਚੋਂ ਕਿਸੇ ਨੇ ਹੱਥ ਗੋਲਾ ਸੁੱਟਿਆ ਹੈ। ਸੰਤ ਲੌਂਗੋਵਾਲ ਦੇ ਮੇਜਰ ਤੇ ਚਿਲਾਉਣ ਤੇ ਗੋਲਾਬਾਰੀ ਬੰਦ ਕਰਨ ਦਾ ਹੁਕਮ ਦਿੱਤਾ ਗਿਆ। ਵਿਹੜੇ ਵਿਚ ਸਵੇਰ ਹੋਣ ਤੇ 70 ਲਾਸ਼ਾਂ ਗਿਣੀਆਂ ਗਈਆਂ। ਇਨ੍ਹਾਂ ਵਿਚ ਇਸਤਰੀਆਂ ਅਤੇ ਬੱਚੇ ਵੀ ਸਨ। ਇਕ ਕਮਰੇ ਵਿਚ ਬੰਦ ਕੀਤੇ 60 ਯਾਤਰੀਆਂ ਵਿਚੋਂ 55 ਮਰ ਗਏ। ਕਮਰੇ ਦਾ ਦਰਵਾਜ਼ਾ 6 ਜੂਨ ਨੂੰ ਸਵੇਰੇ ਅੱਠ ਵਜੇ ਖੋਲ੍ਹਿਆ ਗਿਆ। ਅਕਾਲ ਤਖ਼ਤ ਦੇ ਇਕ ਗਰੰਥੀ ਅਨੁਸਾਰ ਸੰਤ ਭਿੰਡਰਾਂ ਵਾਲੇ ਦੇ ਪੱਟ ਵਿਚ ਗੋਲੀ ਲੱਗੀ ਸੀ ਜਦੋਂ ਉਹ ਬਾਹਰ ਨਿਕਲਿਆ, ਪਰੰਤੂ ਉਸ ਨੂੰ ਇਮਾਰਤ ਵਿਚ ਵਾਪਸ ਲੈ ਜਾਇਆ ਗਿਆ ਸੀ।

**(ਚਲਦਾ)**

**ਤੁਸੀਂ ਸਫਲਤਾ ਨਾਲੋਂ ਅਸਫਲਤਾ ਤੋਂ ਜ਼ਿਆਦਾ ਸਿੱਖਦੇ ਹੋ।**

# ਸਚੁ ਸੁਣਾਇਸੀ ਸੱਚ ਕੀ ਬੇਲਾ

ਸੁਰਿੰਦਰ ਸਿੰਘ ਰੂਬੀ
ਸੰਪਾਦਕ

## (1) ਟਰੰਪ ਨੇ ਤਜਾਰਤ ਨੂੰ ਇਕ ਲੜਾਈ ਦਾ ਰੂਪ ਦੇ ਦਿੱਤਾ

### ਭਾਰਤ ਨੇ ਨਜਾਇਜ਼ ਟੈਰਿਫ ਵਾਧੇ ਨੂੰ ਮੰਨਣ ਤੋਂ ਕੀਤਾ ਇਨਕਾਰ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪਹਿਲਾਂ ਤੋਂ ਹੀ ਭਾਰਤ ਦੇ ਅਮਰੀਕਾ ਵੱਲ ਕੀਤੇ ਜਾ ਰਹੇ ਵਸਤਾਂ ਦੇ ਨਿਰਯਾਤ ਤੇ 25% ਟੈਰਿਫ ਟੈਕਸ ਲਗਾਉਣ ਦੇ ਐਲਾਨ ਤੋਂ ਬਾਅਦ ਭਾਰਤੀ ਵਸਤਾਂ ਤੇ ਹੋਰ




ਜ਼ਿਆਦਾ ਟੈਰਿਫ ਟੈਕਸ ਵਧਾਉਣ ਦਾ ਭਾਰਤ ਨੂੰ ਇਕ ਦਬਕਾ ਮਾਰਿਆ ਹੈ। ਭਾਰਤ ਵਲੋਂ ਰੂਸ ਤੋਂ ਲਗਾਤਾਰ ਈਂਧਣ ਖਰੀਦ ਕਰਨ ਦੇ ਭਾਰਤ ਦੇ ਫੈਸਲੇ ਤੋਂ ਡੋਨਾਲਡ ਟਰੰਪ ਨਰਾਜ਼ ਹੈ। ਭਾਰਤ ਨੇ ਮਜਬੂਤੀ ਨਾਲ ਟਰੰਪ ਦੇ ਇਸ ਫੈਸਲੇ ਤੇ ਆਪਣੀ ਪ੍ਰਤੀਕ੍ਰਿਆ ਜਾਹਿਰ ਕੀਤੀ ਹੈ ਅਤੇ ਇਸਨੂੰ ਗ਼ੈਰ ਨਿਆਂਇਕ ਤੇ ਗ਼ੈਰ ਪ੍ਰਸੰਗਿਕ ਦੱਸਿਆ ਹੈ। ਭਾਰਤ ਦੇ ਅਮਰੀਕੀ ਵਪਾਰ ਵਿਚ ਇਸ ਫੈਸਲੇ ਨਾਲ 30 ਪ੍ਰਤੀਸ਼ਤ ਤੱਕ ਕਮੀ ਆ ਸਕਦੀ ਹੈ। ਅਮਰੀਕੀ ਪ੍ਰਬੰਧ ਵਲੋਂ ਇਸ ਫੈਸਲੇ ਦੇ ਖਿਲਾਫ਼ ਭਾਰਤੀ ਵਪਾਰਕ ਜਥੇਬੰਦੀਆਂ ਨੇ ਜਿਥੇ ਆਪਣਾ ਫਿਕਰ ਜਾਹਿਰ ਕੀਤਾ ਹੈ ਉਥੇ ਕੱਪੜਾ ਨਿਰਯਾਤ ਕਰਨ ਵਾਲੀਆਂ ਫਰਮਾਂ ਨੇ ਆਪਣੇ ਵਪਾਰ ਵਿਚ ਘਾਟਾ ਪੈਣ ਦਾ ਖਦਸ਼ਾ ਵੀ ਜਾਹਿਰ ਕੀਤਾ ਹੈ। ਭਾਰਤ ਨੇ ਰੂਸ ਨਾਲ ਤੇਲ ਸਮਝੌਤੇ ਸਿਰਫ਼ ਆਰਥਿਕ ਜ਼ਰੂਰਤਾਂ ਕਰਕੇ ਹੀ ਕਰ ਰੱਖੇ ਹਨ ਨਾਂ ਕਿ ਯਾਰੀ ਦੋਸਤੀ ਨਿਭਾਉਣ ਲਈ। ਰੂਸ ਯੂਕਰੇਨ ਜੰਗ ਕਾਰਨ ਦੁਨੀਆਂ ਭਰ ਵਿਚ ਤੇਲ ਸਪਲਾਈ ਤੇ ਬੁਰਾ ਅਸਰ ਪਿਆ ਸੀ। ਅਮਰੀਕਾ ਤੇ ਯੋਰਪੀਅਨ ਦੇਸ਼ ਖੁਦ ਮੰਨਦੇ ਸਨ ਕਿ ਭਾਰਤ ਨੂੰ ਆਪਣੀਆਂ ਜ਼ਰੂਰਤਾਂ ਰੂਸ ਤੋਂ ਤੇਲ ਦੀ ਸਪਲਾਈ ਲੈ ਕੇ ਪੂਰੀਆਂ ਕਰਨ ਵਿਚ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ। ਪ੍ਰੰਤੂ ਹੁਣ ਉਹੀ ਅਮਰੀਕਾ ਅਤੇ ਯੂਰਪੀਅਨ ਦੇਸ਼ ਭਾਰਤ ਵਲੋਂ ਰੂਸ ਤੋਂ ਤੇਲ ਖਰੀਦ ਤੇ ਅੱਗ ਬਬੂਲਾ ਹੋ ਰਹੇ ਨੇ। ਭਾਰਤ ਦੇ ਤੇਲ ਅਤੇ ਹੋਰ ਵਪਾਰ ਲਈ ਰੂਸ ਨਾਲ ਸਬੰਧ ਰੱਖਣ ਤੇ ਭਾਰਤ ਵੱਲੋਂ ਅਮਰੀਕਾ ਨੂੰ ਭੇਜੇ ਜਾਂਦੇ ਸਮਾਨ 'ਤੇ ਵਾਧੂ ਟੈਰਿਫ ਲਗਾਉਣ ਦਾ ਦਬਕਾ ਮਾਰਿਆ ਜਾ ਰਿਹਾ ਹੈ। ਜਦੋਂ ਕਿ ਅਮਰੀਕਾ ਅਤੇ ਯੂਰਪੀਅਨ ਯੂਨੀਅਨ ਦੇ ਦੇਸ਼ ਖੁਦ ਆਪਣਾ ਤੇਲ ਅਤੇ ਹੋਰ ਵਪਾਰ ਰੂਸ ਨਾਲ ਵੱਡੇ ਪੱਧਰ ਤੇ ਕਰ ਰਹੇ ਹਨ। ਯੂਰਪੀਅਨ ਯੂਨੀਅਨ ਦੇ ਦੇਸ਼ਾਂ ਨੇ ਰੂਸ ਨਾਲ ਸਾਲ 2023 ਵਿਚ 17 ਮਿਲੀਅਨ ਯੂਰੋ ਦਾ ਵਪਾਰ ਕੀਤਾ ਸੀ, ਜੋ ਕਿ 2024 ਵਿਚ ਵੱਧ ਕੇ 67 ਮਿਲੀਅਨ ਯੂਰੋ ਹੋ ਗਿਆ ਸੀ। ਅਮਰੀਕਾ ਆਪਣੇ ਨਿਊਕਲੀਅਰ ਪਲਾਂਟਾਂ ਤੇ ਆਟੋਮੋਬਾਇਲ ਇੰਡਸਟਰੀਜ਼ ਲਈ ਰੂਸ ਤੋਂ ਸਮਾਨ ਨਿਰਯਾਤ ਕਰਦਾ ਹੈ। ਭਾਰਤ ਸਰਕਾਰ ਦਾ ਅਜਿਹੇ ਵਿਚ ਅਮਰੀਕਾ ਅੱਗੇ ਨਾ ਝੁਕਣ ਦਾ ਫੈਸਲਾ ਦਲੇਰੀ ਭਰਿਆ ਹੈ ਅਤੇ ਹੁਣ ਸਰਕਾਰ ਨੂੰ ਜਿਥੇ ਰੂਸ ਤੋਂ ਤੇਲ ਦਰਾਮਦ ਤੇ ਕੋਈ ਕਟੌਤੀ ਨਹੀਂ ਕਰਨੀ ਚਾਹੀਦੀ, ਉਥੇ ਦੁਨੀਆਂ ਦੇ ਦੂਜੇ ਦੇਸ਼ਾਂ ਨਾਲ ਵਪਾਰਕ ਲੈਣ-ਦੇਣ ਦੀਆਂ ਸੰਭਾਵਨਾਵਾਂ ਤੇ ਖੋਜ ਕਰਨੀ ਚਾਹੀਦੀ ਹੈ।

## (2) ਅਖੌਤੀ ਸੱਚਾ ਸੌਦਾ ਸਾਧ ਨੂੰ ਇਕ ਵਾਰ ਹੋਰ ਪੈਰੋਲ ਮਿਲੀ

### ਹਰਿਆਣਾ ਪ੍ਰਬੰਧਨ ਨੇ ਰਾਮ ਰਹੀਮ ਲਈ ਪੈਰੋਲ ਲੈਣਾ ਕੀਤਾ ਬਹੁਤ ਆਸਾਨ

ਅਖੌਤੀ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਹਰਿਆਣਾ ਦੇ ਰੋਹਤਕ ਜ਼ਿਲ੍ਹੇ ਦੀ ਸੁਨਾਰੀਆ ਜੇਲ੍ਹ ਵਿਚ, ਆਪਣੇ ਡੇਰੇ ਵਿਚ ਦੋ ਸਾਧਵੀਆਂ ਦੇ ਬਲਾਤਕਾਰ ਦੇ ਕੇਸ ਸਾਬਤ ਹੋਣ ਤੇ 20 ਸਾਲ ਦੀ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਹਰਿਆਣਾ ਸਰਕਾਰ ਵੱਲੋਂ ਹਰਿਆਣਾ ਗੁੱਡ ਕਡੰਕਟ ਪਰਿਜਨਜ (ਟੈਂਪਰੇਰੀ




ਰਲੀਜ਼) ਐਕਟ 2022 ਅਧੀਨ ਉਸ ਨੂੰ ਹੁਣ ਤੱਕ 14 ਵਾਰ ਪੈਰੋਲ ਜਾਂ ਫਰਲੋ ਦੀ ਛੁੱਟੀ ਦੇ ਚੁੱਕੀ ਹੈ। ਇਕ ਬਲਾਤਕਾਰੀ ਤੇ ਕਾਤਲ ਨੂੰ ਇੰਨੀ ਅਸਾਨੀ ਨਾਲ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਪੈਰੋਲ ਮਿਲਣਾ ਕਾਨੂੰਨੀ ਪ੍ਰਕ੍ਰਿਆ ਅਤੇ ਜੇਲ੍ਹ ਨਿਯਮਾਂ ਨਾਲ ਹਰਿਆਣਾ ਸਰਕਾਰ ਵੱਲੋਂ ਮਜਾਕ ਜਿਹਾ ਹੀ ਲੱਗਦਾ ਹੈ। ਭਾਵੇਂ ਕਿ ਉਕਤ ਐਕਟ ਗੰਭੀਰ ਅਪਰਾਧਾਂ ਦੀ ਸਜ਼ਾ ਭੁਗਤ ਰਹੇ ਅਪਰਾਧੀਆਂ ਨੂੰ ਇਹ ਸਹੂਲਤ ਮਿਲਣ ਦੇ ਯੋਗ ਨਹੀਂ ਸਮਝਦਾ। ਪ੍ਰੰਤੂ ਹਰਿਆਣਾ ਸਰਕਾਰ ਰਾਮ ਰਹੀਮ ਵਲੋਂ ਕੀਤੇ ਗਏ ਅਪਰਾਧਾਂ ਨੂੰ ਬਹੁਤ ਗੰਭੀਰ ਅਪਰਾਧ ਨਹੀਂ ਮੰਨਦੀ। ਉਸ ਨੂੰ ਜਨਵਰੀ ਮਹੀਨੇ ਵਿਚ 30 ਦਿਨ ਦੀ ਪੈਰੋਲ, ਅਪ੍ਰੈਲ ਵਿਚ 21 ਦਿਨ ਦੀ ਪੈਰੋਲ ਹੁਣ ਅਗਸਤ ਵਿਚ ਉਸ ਨੂੰ ਜਨਮ ਦਿਨ ਮਨਾਉਣ ਲਈ 40 ਦਿਨ ਦੀ

ਪੈਰੋਲ ਮਿਲੀ ਹੈ। ਸਾਲ 2025 ਵਿਚ ਕੁਲ ਮਿਲਾ ਕੇ ਉਹ ਹੁਣ ਤੱਕ 3 ਮਹੀਨੇ ਜੇਲ੍ਹ ਵਿਚੋਂ ਬਾਹਰ ਰਿਹਾ ਹੈ। ਸੱਚਾ ਸੌਦਾ ਸਾਧ ਜੋ ਕਿ ਕਤਲ ਅਤੇ ਬਲਾਤਕਾਰ ਦਾ ਦੋਸ਼ੀ ਹੈ, ਉਸ ਨੂੰ ਵਾਰ-ਵਾਰ ਪੈਰੋਲ ਮਿਲਣਾ ਜਿਥੇ ਹੈਰਾਨ ਵੀ ਕਰਦਾ ਹੈ, ਉਥੇ ਭਾਰਤੀ ਕਾਨੂੰਨ ਪ੍ਰਣਾਲੀ ਦੀ ਅਸਰਹੀਣ ਹੋਣ ਤੇ ਵੀ ਸਵਾਲ ਚਿੰਨ੍ਹ ਖੜ੍ਹੇ ਕਰਦਾ ਹੈ। ਅਜਿਹੇ ਦੋਸ਼ਾਂ ਵਿਚ ਸਜ਼ਾ ਭੁਗਤ ਰਹੇ ਕੈਦੀਆਂ ਨੂੰ ਪੈਰੋਲ ਇੰਨੀ ਅਸਾਨੀ ਨਾਲ ਨਹੀਂ ਮਿਲਣੀ ਚਾਹੀਦੀ। ਹਰਿਆਣੇ ਵਿਚ ਹਰ ਚੋਣ ਜਾਂ ਉਪ-ਚੋਣ ਵਿਚ ਰਾਮ ਰਹੀਮ ਨੂੰ ਪੈਰੋਲ ਤੇ ਬਾਹਰ ਕੱਢ ਦਿੱਤਾ ਜਾਂਦਾ ਹੈ ਜੋ ਕਿ ਕਾਨੂੰਨ ਜਾਂ ਜੇਲ੍ਹ ਮੈਨੂਅਲ ਪ੍ਰਣਾਲੀ ਨਾਲ ਇਕ ਕੋਝਾ ਮਜਾਕ ਹੈ।

## (3) ਵੱਖ-ਵੱਖ ਭਾਰਤੀ ਖੇਡ ਟੀਮਾਂ ਦੇ ਮੌਜੂਦਾ ਸਿੱਖ ਕਪਤਾਨ

### 2% ਅਬਾਦੀ ਵਾਲਿਆਂ ਨੇ ਕਰਵਾਈ ਬੱਲੇ-ਬੱਲੇ

ਭਾਰਤ ਦੀਆਂ ਵੱਖ-ਵੱਖ ਖੇਡਾਂ ਦੀਆਂ ਅੰਤਰਰਾਸ਼ਟਰੀ ਟੀਮਾਂ ਵਿਚ ਅੱਜਕਲ੍ਹ ਸਿੱਖ ਖਿਡਾਰੀਆਂ ਜਾਂ ਸਿੱਖ ਪਰਿਵਾਰਾਂ ਨਾਲ ਸੰਬੰਧਿਤ ਖਿਡਾਰੀਆਂ ਨੇ ਬੱਲੇ-ਬੱਲੇ ਕਰਵਾਈ ਹੋਈ ਹੈ। ਇੰਗਲੈਂਡ ਵਿਚ ਇੰਗਲੈਂਡ ਕ੍ਰਿਕਟ ਟੀਮ ਨਾਲ ਹੁਣੇ ਜਿਹੇ ਖੇਡੀ ਗਈ ਪੰਜ ਟੈਸਟ ਮੈਚਾਂ ਦੀ ਟੈਸਟ ਲੜੀ ਵਿਚ ਭਾਰਤੀ ਟੀਮ ਦੀ



ਅਗਵਾਈ ਸਿੱਖ ਪਰਿਵਾਰ ਨਾਲ ਸੰਬੰਧਿਤ ਦਿੱਗਜ ਬੱਲੇਬਾਜ ਸੁਭਮਨ ਸਿੰਘ ਗਿੱਲ ਕਰ ਰਿਹਾ ਹੈ। ਭਾਰਤ ਨੇ ਇਹ ਲੜੀ ਦੋ-ਦੋ ਜਿੱਤਾਂ ਨਾਲ ਬਰਾਬਰ ਖੇਡੀ ਹੈ। ਭਾਰਤੀ ਲੜਕੀਆਂ ਦੀ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ, ਜ਼ਿਲ੍ਹਾ ਮੋਗਾ ਦੇ ਇਕ ਸਿੱਖ ਪਰਿਵਾਰ ਨਾਲ ਸੰਬੰਧਿਤ ਹੈ। ਪਿਛਲੇ ਇਕ ਦਹਾਕੇ ਤੋਂ ਔਰਤਾਂ ਦੀ ਅੰਤਰਰਾਸ਼ਟਰੀ ਕ੍ਰਿਕਟ ਟੀਮਾਂ ਵਿਚ ਉਸ ਦਾ ਕੋਈ ਸਾਨੀ ਨਹੀਂ ਹੈ। ਭਾਰਤੀ ਹਾਕੀ ਟੀਮ ਦਾ ਕਪਤਾਨ ਹਰਮਨਪ੍ਰੀਤ ਸਿੰਘ ਜਲੰਧਰ ਦੇ ਇਕ ਸਿੱਖ ਪਰਿਵਾਰ ਨਾਲ ਸੰਬੰਧਿਤ ਹੈ ਅਤੇ ਪਿਛਲੇ ਤਕਰੀਬਨ 10 ਸਾਲ ਤੋਂ ਭਾਰਤੀ ਹਾਕੀ ਨੂੰ ਉੱਪਰ ਤੱਕ ਲਿਜਾਣ ਵਿਚ ਉਸ ਦਾ ਵਿਸ਼ੇਸ਼ ਯੋਗਦਾਨ




ਹੈ। ਹੁਣੇ-ਹੁਣੇ ਭਾਰਤੀ ਫੁੱਟਬਾਲ ਟੀਮ ਨੂੰ ਗੁਰਪ੍ਰੀਤ ਸਿੰਘ ਸੰਧੂ ਦੇ ਰੂਪ ਵਿਚ ਨਵਾਂ ਕਪਤਾਨ ਮਿਲਿਆ ਹੈ। ਟੀਮ ਵਿਚ ਗੋਲਕੀਪਰ ਵਜੋਂ ਖੇਡਦਾ ਗੁਰਪ੍ਰੀਤ ਸਿੰਘ ਮੋਹਾਲੀ ਦੇ ਇਕ ਸਿੱਖ ਪਰਿਵਾਰ ਦਾ ਫਰਜੰਦ ਹੈ। ਭਾਰਤੀ ਬਾਸਕਟਬਾਲ ਟੀਮ ਵਿਚ ਕਾਫੀ ਸਮੇਂ ਤੋਂ ਚੰਡੀਗੜ੍ਹ ਵਾਰੀਅਰਜ਼ ਟੀਮ ਲਈ ਖੇਡਦੇ ਕੁੰਵਰ ਗੁਰਬਾਜ ਸਿੰਘ ਸੰਧੂ ਨੂੰ ਹੁਣੇ ਹੀ ਭਾਰਤੀ ਬਾਸਕਟਬਾਲ ਟੀਮ ਲਈ ਭਾਰਤੀ ਟੀਮ ਦਾ ਕਪਤਾਨ ਐਲਾਨਿਆ ਗਿਆ ਹੈ।

ਭਾਰਤ ਵਿਚ ਖੇਡਾਂ ਅਤੇ ਹੋਰ ਵਰਗਾਂ ਵਿਚ ਸਿੱਖ ਵਿਅਕਤੀਆਂ ਅਤੇ ਖਿਡਾਰੀਆਂ ਦੀ ਬਹੁਤ ਹੀ ਉੱਤਮ ਕਾਰਜਸ਼ੈਲੀ ਵੇਖਣ ਵਿਚ ਮਿਲੀ ਹੈ। ਭਾਰਤੀ ਫੌਜਾਂ ਦੇ ਮੁਖੀ ਵਜੋਂ ਸਿੱਖ ਜਰਨੈਲਾਂ ਨੇ ਬਹੁਤ ਉੱਚੀਆਂ ਪਦਵੀਆਂ ਤੇ ਰਹਿ ਕੇ ਆਪਣੀਆਂ ਸੇਵਾਵਾਂ ਦਿੱਤੀਆਂ ਹਨ। ਅੱਜਕਲ੍ਹ ਭਾਰਤੀ ਹਵਾਈ ਸੈਨਾ ਦੇ ਮੁਖੀ ਵਜੋਂ ਇਕ ਸਿੱਖ



ਏਅਰ ਚੀਫ਼ ਮਾਰਸ਼ਲ ਅਮਰਪ੍ਰੀਤ ਸਿੰਘ ਭਾਰਤੀ ਹਵਾਈ ਫੌਜ ਦੇ ਮੁਖੀ ਵਜੋਂ ਸੇਵਾਵਾਂ ਨਿਭਾ ਰਹੇ ਹਨ। ਭਾਰਤ ਵਿਚ ਸਿੱਖਾਂ ਨਾਲ ਵਿਤਕਰੇ ਦੀ ਗੱਲ ਕਰਨ ਵਾਲਿਆਂ ਨੂੰ ਆਪਣੀ ਸੋਚ ਤੇ ਮੁੜ ਗੌਰ ਕਰਨਾ ਚਾਹੀਦਾ ਹੈ। ਸੋਚੋ ਅਬਾਦੀ ਤਾਂ ਆਪਣੀ ਸਿਰਫ਼ 2% ਹੀ ਹੈ ਨਾ।

● ● ●

**ਕੁਝ ਨੇਕੀਆਂ ਤੇ ਚੰਗਿਆਈਆਂ ਅਜਿਹੀਆਂ ਵੀ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਦਾ ਰੱਬ ਤੋਂ ਇਲਾਵਾ ਹੋਰ ਕੋਈ ਗਵਾਹ ਨਾ ਹੋਵੇ।**

## ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

**ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**
**- ਭਗਵਾਨ ਸਿੰਘ ਲੁਬਾਣਾ**

50.

**ਇਕਰਾਰ ਲੇਂਗੇ ਸਭ ਸੇ ਭੁਲਾਨਾ ਨਾ ਫਿਰ ਕਭੀ।**
**ਬਾਰਿ ਦਿਗਰ ਬਿਛੜ ਕੇ ਸਤਾਨਾ ਨਾ ਫਿਰ ਕਭੀ।**
**ਹਮ ਕੋ ਅਕੇਲੇ ਛੋੜ ਕੇ ਜਾਨਾ ਨਾ ਫਿਰ ਕਭੀ।**
**ਕਹ ਦੇਤੇ ਹੈਂ ਯੂੰ ਹੰਸ ਕੇ ਰੁਲਾਨਾ ਨਾ ਫਿਰ ਕਭੀ।**
**ਬੱਚੋਂ ਕੀ ਗ਼ੁਫ਼ਤਗੂ ਜੋ ਸੁਨੀ ਦਾਦੀ ਜਾਨ ਨੇ।**
**ਬੇਇਖ਼ਤਯਾਰ ਰੋ ਦੀਆ ਉਸ ਵਾਲਾ ਸ਼ਾਨ ਨੇ।**

ਅਸੀਂ ਸਾਰਿਆਂ ਨੂੰ ਵਾਅਦਾ ਲਵਾਂਗੇ ਕਿ ਮੁੜ ਕੇ ਕਦੀ ਨਾ ਭੁਲਾਣ। ਇਹ ਵੀ ਵਾਅਦਾ ਲਵਾਂਗੇ ਕਿ ਦੁਬਾਰਾ ਕਦੀ ਇੰਜ ਨਾ ਸਤਾਣ, ਨਾ ਕਦੀ ਸਾਨੂੰ ਇਕੱਲਿਆਂ ਨੂੰ ਛੱਡ ਕੇ ਕਿਧਰੇ ਜਾਣ। ਹੱਸ ਕੇ ਇਹ ਵੀ ਕਹਿ ਦਿੰਦੇ ਹਾਂ ਕਿ ਫਿਰ ਕਦੀ ਸਾਨੂੰ ਰੁਲਾਣਾ ਵੀ ਨਾ। ਪਿਆਰੇ ਦਾਦੀ ਜੀ ਨੇ ਜਦੋਂ ਬਾਲਾਂ ਦੀ ਇਹ ਗੱਲਬਾਤ ਸੁਣੀ ਤਾਂ ਉੱਚੀ ਸ਼ਾਨ ਵਾਲੀ ਦਾਦੀ ਅੰਮਾਂ ਖ਼ੁਦ-ਬਖ਼ੁਦ ਰੋ ਪਈ।

51.

**ਕਹਤੀ ਥੀ ਜੀ ਮੇਂ ਲੇ ਕੇ ਇਨ੍ਹੇਂ ਕਿਸ ਤਰਫ਼ ਕੋ ਜਾਊਂ?**
**ਬੇਟੇ ਕੋ ਔਰ ਬਹੂਓਂ ਕੋ ਯਾ ਰੱਬ ! ਮੈਂ ਕੈਸੇ ਪਾਊਂ?**
**ਲਖ਼ਤਿ-ਜਿਗਰ ਕੇ ਲਾਲ ਯੇਹ ਦੋਨੋਂ ਕਹਾਂ ਛਿਪਾਊਂ?**
**ਤੁਰਕੋਂ ਸੇ, ਰਾਜਪੂਤੋਂ ਸੇ, ਕਿਊਂ ਕਰ ਇਨ੍ਹੇਂ ਬਚਾਊਂ?**
**ਬਿਪਤਾ ਜ਼ਈਫ਼ੀਓ ਮੇਂ ਯੇਹ ਕਿਆ ਮੁਝ ਪੇ ਪੜ ਗਈ।**
**ਥੀ ਕੌਨ ਸੀ ਘੜੀ, ਮੈਂ ਪਿਸਰ ਸੇ ਬਿਛੁੜ ਗਈ।**

ਮਨ ਹੀ ਮਨ, ਦਾਦੀ ਮਾਂ ਕਹਿ ਰਹੀ ਸੀ ਕਿ ਮੈਂ ਪੋਤਿਆਂ ਨੂੰ ਲੈ ਕੇ ਕਿੱਥੇ ਜਾਵਾਂ? ਆਪਣੇ ਬੇਟੇ ਅਤੇ ਬਹੂਆਂ ਨੂੰ, ਹੇ ਵਾਹਿਗੁਰੂ ! ਮੈਂ ਕਿਵੇਂ ਪਾ ਸਕਦੀ ਹਾਂ? ਆਪਣੇ ਦਿਲ ਦੇ ਟੁਕੜੇ (ਗੁਰੂ ਗੋਬਿੰਦ ਸਿੰਘ ਜੀ) ਦੇ ਲਾਲਾਂ (ਸਾਹਿਬਜ਼ਾਦਿਆਂ) ਨੂੰ ਛੁਪਾ ਕੇ ਕਿੱਥੇ ਰੱਖਾਂ? ਇਨ੍ਹਾਂ ਨੂੰ ਤੁਰਕਾਂ ਅਤੇ ਰਾਜਪੂਤ ਰਾਜਿਆਂ ਦੀਆਂ ਫੌਜਾਂ ਤੋਂ ਕਿਵੇਂ ਬਚਾਵਾਂ? ਬੁਢੇਪੇ ਵਿਚ ਮੈਨੂੰ ਇਹ ਕੀ ਬਿਪਤਾ ਪੈ ਗਈ ਹੈ? ਉਹ ਕਿਹੜਾ ਮਨਹੂਸ ਸਮਾਂ ਸੀ ਜਦੋਂ ਮੈਂ ਆਪਣੇ ਪੁੱਤਰ ਤੋਂ ਵਿੱਛੜ ਗਈ?

52.

**ਬੱਚੋਂ ਕਾ ਸਾਥ, ਰਾਹ ਕਠਿਨ, ਸਰ ਪੇ ਸ਼ਾਮ ਹੈ।**
**ਸੁੰਨਸਾਨ ਦਸ਼ਤ ਚਾਰ ਸੂ ਹੂ ਕਾ ਮੁਕਾਮ ਹੈ।**
**ਹੋਤਾ ਕਹਾਂ ਪੇ ਦੇਖੀਏ ਸ਼ਬ ਕੋ ਕਯਾਮ ਹੈ।**
**ਖ਼ਾਦਿਮ ਹੈ ਔਰ ਕੋਈ ਨ ਹਮਰਾਹ ਗ਼ੁਲਾਮ ਹੈ।**
**ਗੰਗੂ ਰਸੋਈਆ ਹੈ ਫ਼ਕਤ ਸਾਥ ਰਹਿ ਗਿਆ।**
**ਲੇ ਦੇ ਕੇ ਰਹਿਬਰੀ ਕੋ ਯੇਹ ਹੈਹਾਤ ਰਹਿ ਗਿਆ।**

ਮਾਸੂਮ ਬੱਚੇ ਸਾਥ ਵਿਚ ਹਨ, ਮੁਸ਼ਕਿਲ ਪੈਂਡਾ ਹੈ, ਉੱਤੋਂ ਸ਼ਾਮ ਪੈ ਰਹੀ ਹੈ। ਸੁੰਨਸਾਨ ਜੰਗਲ ਹੈ, ਚਾਰੇ ਪਾਸੇ ਕਬਰਾਂ ਜਿਹਾ ਭਿਆਨਕ ਵਾਤਾਵਰਨ ਹੈ, ਵੇਖੋ ਹੁਣ ਰਾਤ ਨੂੰ ਕਿੱਥੇ ਟਿਕਾਣਾ ਬਣਦਾ ਹੈ? ਕੋਈ ਸੇਵਕ ਜਾਂ ਨੌਕਰ ਵੀ ਨਾਲ ਨਹੀਂ। ਸਿਰਫ਼ ਗੰਗੂ ਰਸੋਈਆ ਹੀ ਹੁਣ ਸਾਡੇ ਨਾਲ ਰਹਿ ਗਿਆ ਹੈ।

ਹਾਇ ਅਫ਼ਸੋਸ ! ਜੋ ਲੈ ਦੇ ਕੇ ਰਾਹ ਵਿਖਾਣ ਲਈ ਇਹੋ ਹੀ ਰਹਿ ਗਿਆ ਹੈ।

53.

**ਆਤੇ ਥੇ ਸ਼ੇਰ ਸਾਹਮਨੇ ਗਰਦਨ ਕੋ ਡਾਲ ਕੇ।**
**ਤਕਤੇ ਹਿਰਨ ਭੀ ਆਜ ਹੈਂ ਆਂਖੇਂ ਨਿਕਾਲ ਕੇ।**
**ਨੈਰੰਗ ਹੈਂ ਤਮਾਮ, ਜ਼ਮਾਨੇ ਕੀ ਚਾਲ ਕੇ।**
**ਤੇਵਰ ਹੈਂ ਬਨ ਮੇਂ ਬਦਲੇ ਹੁਏ ਹਰ ਸ਼ਿਗਾਲ ਕੇ।**
**ਦਰਪੇਸ਼ ਅਨਕਰੀਬ ਕੋਈ ਇਮਤਿਹਾਨ ਹੈ।**
**ਖ਼ਤਰੇ ਮੇਂ ਦਿਖ ਰਹੀ ਮੁਝੇ, ਬੱਚੋਂ ਕੀ ਜਾਨ ਹੈ।**

ਮਾਤਾ ਜੀ ਕਹਿ ਰਹੇ ਹਨ ਕਿ ਕਦੀ ਸਮਾਂ ਸੀ, ਜਦੋਂ ਸ਼ੇਰਾਂ ਵਰਗੇ ਸੂਰਮੇ ਵੀ ਸਾਹਮਣੇ ਆਉਂਦੇ ਤਾਂ ਧੌਣਾਂ ਝੁਕਾ ਲੈਂਦੇ ਸਨ, ਲੇਕਿਨ ਅੱਜ ਹਿਰਨਾਂ ਜਿਹੇ ਡਰਪੋਕ ਵੀ ਅੱਖਾਂ ਫਾੜ-ਫਾੜ ਕੇ ਵੇਖਦੇ ਹਨ। ਜ਼ਮਾਨੇ ਦੀ ਚਾਲ ਨੇ ਇਨ੍ਹਾਂ ਨੂੰ ਵੀ ਛਲ ਲਿਆ ਹੈ ਅਤੇ ਅੱਜ ਜੰਗਲ ਦੇ ਹਰ ਗਿੱਦੜ ਦੇ ਤੇਵਰ ਬਦਲ ਗਏ ਹਨ। ਮੈਨੂੰ ਲੱਗਦਾ ਹੈ ਕਿ ਕੋਈ ਇਮਤਿਹਾਨ ਨਜ਼ਦੀਕ ਹੈ ਅਤੇ ਬੱਚਿਆਂ ਦੀ ਜਾਨ ਮੈਨੂੰ ਖ਼ਤਰੇ ਵਿਚ ਦਿੱਸ ਰਹੀ ਹੈ।

54.

**ਪੂਰਾ ਜ਼ਰੂਰ ਹੋਗਾ ਇਰਾਦਾ ਹਜ਼ੂਰ ਕਾ।**
**ਕਰਤਾ ਪੁਰਖ ਕਾ, ਵਾਹਿਗੁਰੂ ਕਾ, ਗ਼ੁਫ਼ੂਰ ਕਾ।**
**ਹੈ ਸਖ਼ਤ ਇਮਤਿਹਾਂ ਯੇਹ ਕਿਸੀ ਬੇ-ਕਸੂਰ ਕਾ।**
**ਹਾਫ਼ਿਜ਼ ਤੋ ਆਪ ਹੀ ਹੈ ਦਿਲਿ-ਨਾਸਬੂਰ ਕਾ।**
**ਪਿਆਰੇ ਪਤੀ ਕੋ ਪਹਿਲੇ ਹੀ ਮੈਂ ਹੂੰ ਕਟਾ ਚੁੱਕੀ।**
**ਕੁਦਰਤ ਤਿਰੀ ਹੈ ਸਬਰ ਮਿਰਾ ਆਜ਼ਮਾ ਚੁੱਕੀ।**

ਮਾਤਾ ਜੀ ਆਖਦੇ ਹਨ ਕਿ ਹਾਜ਼ਰ-ਹਜ਼ੂਰ ਅਤੇ ਬਖਸ਼ਣਹਾਰ, ਕਰਤਾਰ ਵਾਹਿਗੁਰੂ ਦਾ ਹੁਕਮ ਵਰਤ ਕੇ ਹੀ ਰਹਿਣਾ ਹੈ। ਬੇਸ਼ਕ ਬੇਚੈਨ ਦਿਲਾਂ ਦਾ ਰਾਖਾ ਉਹ ਵਾਹਿਗੁਰੂ ਹੀ ਹੈ, ਲੇਕਿਨ ਹੁਣ ਇਕ ਬੇਕਸੂਰ ਨੂੰ ਸਖ਼ਤ ਇਮਤਿਹਾਨ ਵਿਚ ਪਾਇਆ ਜਾ ਰਿਹਾ ਹੈ। ਕੁਦਰਤ ਮੇਰੇ ਸਬਰ ਨੂੰ ਪਹਿਲਾਂ ਹੀ ਅਜ਼ਮਾ ਚੁੱਕੀ ਹੈ ਅਤੇ ਮੈਂ ਆਪਣੇ ਪਿਆਰੇ ਪਤੀ (ਗੁਰੂ ਤੇਗ਼ ਬਹਾਦਰ ਜੀ) ਨੂੰ ਧਰਮ ਦੀ ਰਾਹ ਉੱਤੇ ਪਹਿਲਾਂ ਹੀ ਸ਼ਹੀਦ ਕਰਵਾ ਚੁੱਕੀ ਹਾਂ।

**(ਚਲਦਾ)**

# ਮਾਪਿਆਂ ਦਾ ਸਤਿਕਾਰ

ਕਿਸੇ ਸ਼ਾਇਰ ਨੇ ਖ਼ੂਬਸੂਰਤ ਲਿਖਿਆ ਹੈ ਕਿ 'ਤਿੰਨ ਰੰਗ ਨਹੀਂ ਲੱਭਣੇ ਹੁਸਨ, ਜਵਾਨੀ ਤੇ ਮਾਪੇ'। ਇਸ ਸ਼ਾਇਰ ਨੇ ਜ਼ਿੰਦਗੀ ਦੀ ਅਸਲ ਸੱਚਾਈ ਨੂੰ ਪੇਸ਼ ਕਰਦਿਆਂ ਮਾਪਿਆਂ ਦੀ ਮਹੱਤਤਾ ਪ੍ਰਗਟ ਕੀਤੀ ਹੈ। ਮਾਂ ਦੀਆਂ ਲੋਰੀਆਂ, ਚੂਰੀਆਂ, ਦੁਆਵਾਂ, ਅਸੀਸਾਂ ਤੇ ਪਿਉ ਦੀ ਹੱਡ-ਤੋੜਵੀਂ ਮਿਹਨਤ ਸਦਕਾ ਹੀ ਹਰ ਇਨਸਾਨ ਸਫਲਤਾ ਦੀਆਂ ਪੌੜੀਆਂ ਚੜ੍ਹਦਾ ਹੈ। ਪਰ ਜੇਕਰ ਮੰਜ਼ਲ ਤੇ ਪੁੱਜ ਕੇ ਉਹਨਾਂ ਤੋਂ ਮੂੰਹ ਫੇਰ ਲਵੇ, ਜਿਨ੍ਹਾਂ ਨੇ ਉਸਨੂੰ ਇਸ ਮੰਜ਼ਲ ਨੂੰ ਪ੍ਰਾਪਤ ਕਰਨ ਲਈ ਆਪਣਾ ਸਭ ਕੁਝ ਨਿਛਾਵਰ ਕਰ ਦਿੱਤਾ ਤਾਂ ਇਸ ਤੋਂ ਵੱਡੀ ਦੁੱਖ ਵਾਲੀ ਹੋਰ ਕਿਹੜੀ ਗੱਲ ਹੋਵੇਗੀ। ਬੇਸ਼ੱਕ ਅਸੀਂ ਪੜ੍ਹ-ਲਿਖ ਗਏ ਹਾਂ ਪਰ ਫਿਰ ਵੀ ਅਸੀਂ ਆਪਣਾ ਮਾਨਸਿਕ ਵਿਕਾਸ ਨਹੀਂ ਕਰ ਸਕੇ। ਇਕ ਗੱਲ ਹਮੇਸ਼ਾ ਯਾਦ ਰੱਖੋ ਕਿ ਭਾਵੇਂ ਅਸੀਂ ਕਿੰਨਾ ਵੀ ਪੜ੍ਹ-ਲਿਖ ਜਾਈਏ ਤੇ ਲੱਖਾਂ ਮੰਜ਼ਲਾਂ ਪਾ ਲਈਏ, ਪਰ ਜੇਕਰ ਸਾਡੇ ਮਨ ਵਿਚ ਆਪਣੇ ਮਾਤਾ-ਪਿਤਾ, ਦਾਦਾ-ਦਾਦੀ ਪ੍ਰਤੀ ਆਦਰ-ਸਨਮਾਨ ਨਹੀਂ ਹੈ ਤਾਂ ਪ੍ਰਾਪਤ ਕੀਤੀ ਕਾਮਯਾਬੀ ਸਾਡੇ ਕਿਸੇ ਵੀ ਕੰਮ ਦੀ ਨਹੀਂ। ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਮਾਪਿਆਂ ਦਾ ਏਨਾ ਸਤਿਕਾਰ ਕਰੀਏ ਕਿ ਲੋਕ ਸਾਡੀਆਂ ਉਦਾਹਰਣਾਂ ਹੋਰਨਾਂ ਲੋਕਾਂ ਅੱਗੇ ਰੱਖਣ ਕਿ ਦੇਖ ਲਓ ਫਲਾਣੇ ਦਾ ਧੀ-ਪੁੱਤਰ ਆਪਣੇ ਮਾਪਿਆਂ ਦਾ ਕਿੰਨਾ ਸਤਿਕਾਰ ਕਰਦਾ ਹੈ।

ਕਿਸੇ ਨੇ ਠੀਕ ਹੀ ਆਖਿਆ ਹੈ –

ਸਾਨੂੰ ਸਾਡੇ ਮਾਤਾ-ਪਿਤਾ ਰਾਜਕੁਮਾਰਾਂ ਵਾਂਗ ਪਾਲਦੇ ਹਨ ਅਤੇ ਸਾਨੂੰ ਉਨ੍ਹਾਂ ਨੂੰ ਬਾਦਸ਼ਾਹਾਂ ਦੀ ਤਰ੍ਹਾਂ ਰੱਖਣਾ ਚਾਹੀਦਾ ਹੈ।

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

ਰੋਟੀਆਂ ਬਰਾਤ ਨੂੰ ਦੋ, ਚਾਹ ਆਦਿ ਦਾ ਤਾਂ ਉਦੋਂ ਕੋਈ ਰਿਵਾਜ਼ ਹੀ ਨਹੀਂ ਸੀ। ਕੇਵਲ ਲੱਸੀ ਦੇ ਨਾਲ ਮੱਖਣ ਤੇ ਕੁਝ ਮਠਿਆਈ ਤੇ ਮੱਠੀ ਨਾਲ ਦੇਂਦੇ ਸਨ। ਜ਼ੇਵਰ ਦੀ ਕੁਝ ਹੱਦ ਮੁਕੱਰਰ ਕਰ ਦਿੱਤੀ ਸੀ। ਇਸ ਤਰ੍ਹਾਂ ਬਰਾਦਰੀ ਵਿਚ ਆਪ ਜੀ ਨੇ ਵਿਹਾਰ ਸੁਧਾਰ ਦੀ ਲਹਿਰ ਚਲਾਈ, ਜਿਸ ਨੂੰ ਲੋਕਾਂ ਨੇ ਖਿੜੇ ਮੱਥੇ ਮੰਨਿਆ। ਜਿਥੇ ਲੁਬਾਣਾ ਬਰਾਦਰੀ ਵਿਚ ਆਪ ਜੀ ਨੇ ਧਰਮ ਪ੍ਰਚਾਰ ਤੇ ਵਿਹਾਰ ਸੁਧਾਰ ਕਰਕੇ ਇਕ ਨਵਾਂ ਰਸਤਾ ਲੋਕਾਂ ਨੂੰ ਵਿਖਾਇਆ ਸੀ, ਉਸੇ ਤਰ੍ਹਾਂ ਅਰੋੜਾ ਬਰਾਦਰੀ ਵਿਚ ਭੀ ਆਪ ਜੀ ਨੇ ਬੜਾ ਭਾਰੀ, ਸਿੱਖੀ ਦਾ ਪ੍ਰਚਾਰ ਕੀਤਾ ਅਤੇ ਫਜ਼ੂਲ ਖਰਚ ਕਰਨ ਵੇਲੇ ਲੋਕਾਂ ਨੂੰ ਬੜੇ ਜ਼ੋਰ ਨਾਲ ਵਿਵਰਜਤ ਕੀਤਾ। ਇਸ ਤਰ੍ਹਾਂ ਸੰਤ ਬਾਬਾ ਪ੍ਰੇਮ ਸਿੰਘ ਜੀ ਸਮੁੱਚੀ ਸਿੱਖ ਕੌਮ ਦੇ ਇਕ ਮਹਾਨ ਸਮਾਜ ਸੁਧਾਰਕ ਸਨ। ਨਾਮ ਬਾਣੀ ਤੇ ਕਥਾ ਕੀਰਤਨ ਸੁਣਨ ਲਈ ਸਿੱਖਾਂ ਨੂੰ ਪ੍ਰੇਰਦੇ ਸਨ। ਇਨ੍ਹਾਂ ਦੇ ਕੀਰਤਨ ਦੇ ਤਾਂ ਬਹੁਤ ਸਾਰੇ ਸਿੰਘ ਆਸ਼ਕ ਹੀ ਸਨ ਇਸੇ ਲਈ ਆਪ ਜੀ ਨੂੰ ਵਿਆਹਾਂ ਸ਼ਾਦੀਆਂ ਵਿਚ ਮੰਗਵਾਉਂਦੇ ਸਨ ਅਤੇ ਸਾਰੇ ਡੇਰੇ ਦਾ ਲੰਗਰ ਕਰਦੇ ਸਨ। ਸਾਲਾਨਾ ਜੋੜ ਮੇਲੇ ਤੋਂ ਪਹਿਲਾਂ ਹੀ ਕਈ ਦਿਨ ਆਪਣੇ ਘਰਾਂ ਵਿਚ ਸੰਗਤ ਦਾ ਲੰਗਰ ਕਰਕੇ ਮਹਾਂ ਪੁਰਖਾਂ ਦੀ ਖੁਸ਼ੀ ਹਾਸਲ ਕਰਦੇ। ਅੱਖੀਂ ਵੇਖਿਆ ਹੈ ਕਿ ਕਈ ਬੀਬੀਆਂ ਜਿਨ੍ਹਾਂ ਨੇ ਨੇਮ ਕੀਤਾ ਹੋਇਆ ਸੀ, ਰੋਜ਼ ਦੋਵੇਂ ਵੇਲੇ ਸੰਗਤ ਦੇ ਜੂਠੇ ਭਾਂਡੇ ਮਾਂਜਣ ਦਾ ਅਤੇ ਰੋਜ਼ ਕਥਾ ਕੀਰਤਨ ਸੁਣਨ ਦਾ। ਇਸ ਤਰ੍ਹਾਂ ਸਾਧ ਸੰਗਤ ਦੇ ਸੇਵਾ ਅਤੇ ਕਥਾ ਕੀਰਤਨ ਸੁਣਨ ਨਾਲ ਉਨ੍ਹਾਂ ਦੀਆਂ ਮਨੋ-ਕਾਮਨਾ ਪੂਰੀਆਂ ਹੋਈਆਂ। ਭਜਨ ਸਿਮਰਨ ਕਰਕੇ ਕਈਆਂ ਨੇ ਆਪਣਾ ਜਨਮ ਸਫਲ ਕਰ ਲਿਆ। ਇਸ ਤਰ੍ਹਾਂ ਮੁਰਾਲਾ ਇਕ ਤਰ੍ਹਾਂ ਸਿੱਖੀ ਅਤੇ ਭਜਨ ਸਿਮਰਨ ਦਾ ਕੇਂਦਰ ਸੀ, ਜਿਸ ਅਸਥਾਨ ਦੀ ਚਰਨ ਧੂੜ ਨੇ ਬੜੇ-ਬੜੇ ਮਹਾਂਪੁਰਖ ਪੈਦਾ ਕੀਤੇ। ਜੈਸਾ ਕਿ ਸਤਿਕਾਰਯੋਗ ਸੰਤ ਭਾਗ ਸਿੰਘ ਜੀ ਅਤੇ ਗਿਆਨੀ ਸੁੰਦਰ ਸਿੰਘ ਜੀ, ਜਿਨ੍ਹਾਂ ਨਾਮ ਬਾਣੀ ਦਾ ਛੱਟਾ ਦੇ ਕੇ ਅਨੇਕ ਭੁੱਲੇ ਭਟਕੇ ਲੋਕਾਂ ਨੂੰ ਸਿੱਧੇ ਰਸਤੇ ਪਾ ਕੇ ਆਤਮਕ ਜੀਵਨ ਦੀ ਦਾਤ ਬਖ਼ਸ਼ੀ। ਜਿਨ੍ਹਾਂ ਦਾ ਜ਼ਿਕਰ ਪਿਛੇ ਕੀਤਾ ਗਿਆ ਹੈ। ਇਥੇ ਕੇਵਲ ਅਰੋੜਾ ਬਰਾਦਰੀ ਦਾ ਜ਼ਿਕਰ ਇਸ ਲਈ ਕੀਤਾ ਹੈ ਕਿ ਜਿਸ ਅਸਥਾਨ ਅਰਥਾਤ ਮੁਰਾਲੇ ਵਿਚ ਆਪ ਦਾ ਡੇਰਾ ਸੀ, ਉਸ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ਆਪ ਜੀ ਦਾ ਕਿਸ ਤਰ੍ਹਾਂ ਦਾ ਪ੍ਰਭਾਵ ਸੀ, ਉਨ੍ਹਾਂ ਦੀ ਕਿਸ ਤਰ੍ਹਾਂ ਦੀ ਸ਼ਰਧਾ ਸੀ ਅਤੇ ਉਨ੍ਹਾਂ ਲਈ ਆਪ ਜੀ ਨੇ ਕੀ ਕੁੱਝ ਕੀਤਾ।

ਚਲਦਾ

● ● ●

**ਦਿਸਦੇ ਨਾਲ ਪਿਆਰ ਕਰਨ ਵਾਲਿਓ, ਅਣਦਿਸਦੇ ਨਾਲ ਪਿਆਰ ਕਰਕੇ ਵੇਖੋ।**

● ● ●

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# 'ਸਾਚਾ ਗੁਰੂ ਲਾਧੋ ਰੇ'

**ਸੁਰਿੰਦਰ ਸਿੰਘ ਰੂਬੀ**



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ ਨੂੰ ਸਮਰਪਿਤ 'ਸਾਚਾ ਗੁਰੂ ਲਾਧੋ ਰੇ ਦਿਵਸ' ਸਾਲਾਨਾ ਜੋੜ ਮੇਲਾ ਬੜੇ ਪਿਆਰ-ਸਤਿਕਾਰ ਅਤੇ ਸ਼ਰਧਾ ਨਾਲ ਸਾਰੇ ਸੰਸਾਰ ਵਿਚ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁੱਤਰ ਸਨ। ਇਤਿਹਾਸ ਦੱਸਦਾ ਹੈ ਕਿ ਕੀਰਤਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਜਦੋਂ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੱਚਖੰਡ ਪਿਆਨਾ ਕਰਨ ਦਾ ਸਮਾਂ ਨੇੜੇ ਜਾਣਿਆ ਤਾਂ ਗੁਰੂ ਤੇਗ ਬਹਾਦਰ ਜੀ ਨੂੰ ਕਿਹਾ ਤੁਸੀਂ ਮਾਤਾ ਜੀ ਅਤੇ ਆਪਣੇ ਮਹਿਲਾਂ ਨੂੰ ਨਾਲ ਲੈ ਕੇ ਆਪਣੇ ਨਾਨਕੇ ਪਿੰਡ ਬਕਾਲੇ ਚਲੇ ਜਾਣਾ। ਪਿਤਾ ਦਾ ਆਦੇਸ਼ ਮੰਨ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਮਾਤਾ ਨਾਨਕੀ ਅਤੇ ਆਪਣੇ ਮਹਿਲ ਮਾਤਾ ਗੁਜਰੀ ਨੂੰ ਲੈ ਕੇ ਬਕਾਲੇ ਪਿੰਡ ਪਹੁੰਚ ਗਏ। ਇਥੇ ਆ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭੋਰੇ ਵਿਚ ਬੈਠ ਕੇ ਤਪੱਸਿਆ ਆਰੰਭ ਕਰ ਦਿੱਤੀ। ਸਵੇਰੇ ਅਤੇ ਸ਼ਾਮ ਸਤਿਗੁਰੂ ਥੋੜ੍ਹੇ ਸਮੇਂ ਲਈ ਭੋਰੇ 'ਚੋਂ ਬਾਹਰ ਆਉਂਦੇ ਸਨ। ਉਹ ਬਹੁਤਾ ਸਮਾਂ ਅਕਾਲ ਪੁਰਖ ਦੇ ਚਰਨਾਂ ਵਿਚ ਲਿਵ ਜੋੜ ਕੇ ਸਿਮਰਨ ਵਿਚ ਲੀਨ ਰਹਿੰਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਇਸ ਪਵਿੱਤਰ ਅਸਥਾਨ 'ਤੇ 26 ਸਾਲ 9 ਮਹੀਨੇ 13 ਦਿਨ ਘੋਰ ਤਪੱਸਿਆ ਕਰਕੇ ਆਉਣ ਵਾਲੇ ਸਮੇਂ ਬਾਰੇ ਸਾਰਾ ਪ੍ਰੋਗਰਾਮ ਉਲੀਕਿਆ। ਉਧਰ ਦਿੱਲੀ ਵਿਖੇ ਅੱਠਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸੱਚਖੰਡ ਪਿਆਨਾ ਕਰਨ ਦੀ ਤਿਆਰੀ ਕੀਤੀ ਹੋਈ ਸੀ। ਸਾਰੀ ਸੰਗਤ ਨੇ ਬੇਨਤੀ ਕੀਤੀ ਕਿ ਪਾਤਿਸ਼ਾਹ, ਪਹਿਲੇ ਗੁਰੂ ਜੀ ਜਦੋਂ ਚੋਲਾ ਛੱਡਦੇ ਸੀ, ਉਸੇ ਵੇਲੇ ਅੱਗੇ ਸੰਗਤ ਦੀ ਬਾਂਹ ਫੜਾ ਦਿੰਦੇ ਸੀ ਕਿਸੇ ਨੂੰ, ਆਪ ਜੀ ਕ੍ਰਿਪਾ ਕਰਕੇ ਦੱਸੋ ਸੰਗਤ ਕਿੱਥੇ ਜਾਵੇ। ਸਾਨੂੰ ਕਿਸਦੇ ਲੜ ਲਾ ਚੱਲੇ ਹੋ ਤਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਹੱਥ ਵਿਚ ਨਾਰੀਅਲ ਲੈ ਕੇ ਪੰਜਾਬ ਵੱਲ ਰੁਖ਼ ਕਰਕੇ ਕਿਹਾ ਸੀ ਕਿ 'ਬਾਬਾ ਵਸੈ ਬਕਾਲੇ'। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸੰਗਤਾਂ ਨੇ ਬਕਾਲੇ ਨਗਰ ਵੱਲ ਰੁਖ਼ ਕੀਤਾ। ਉਧਰ ਗੁਰੂ ਦੇ ਦੋਖੀਆਂ ਨੂੰ ਜਦੋਂ ਪਤਾ ਲੱਗਾ ਕਿ ਅੱਠਵੇਂ ਪਾਤਿਸ਼ਾਹ 'ਬਾਬੇ ਬਕਾਲੇ' ਦਾ ਬਚਨ ਕਰਕੇ ਪ੍ਰਲੋਕ ਨੂੰ ਗਮਨ ਕਰ ਗਏ ਹਨ, ਤਾਂ ਉਨ੍ਹਾਂ ਵੀ ਜਿਨ੍ਹਾਂ ਵਿਚ ਧੀਰ ਮੱਲੀਏ, ਰਾਮ ਰਾਈਏ ਅਤੇ ਕਈ ਹੋਰ ਮਸੰਦਾਂ ਵਰਗੇ ਭੇਖੀ ਗੁਰੂਆਂ ਨੇ ਆ ਕੇ ਬਕਾਲੇ ਨਗਰ ਡੇਰੇ ਲਾ ਲਏ ਅਤੇ 22 ਮੰਜੀਆਂ ਭਾਵ ਕਿ ਬਾਈ ਗੁਰੂ ਬਣ ਕੇ ਭੋਲੀਆਂ-ਭਾਲੀਆਂ ਸੰਗਤਾਂ ਨੂੰ ਦੋਹੋਂ ਹੱਥੀਂ ਲੁੱਟਣ ਲੱਗ ਪਏ। ਉਧਰ ਗੁਰੂ ਘਰ ਦਾ ਸ਼ਰਧਾਲੂ ਮੱਖਣ ਸ਼ਾਹ ਲੁਬਾਣਾ, ਜੋ ਬਹੁਤ ਵੱਡਾ ਸ਼ਾਹੂਕਾਰ ਸੀ, ਬੇੜਿਆਂ ਵਿਚ ਸਾਮਾਨ ਲੱਦ ਕੇ ਇਧਰ-ਉਧਰ ਭੇਜ ਕੇ ਵਪਾਰ ਕਰਦਾ ਸੀ, ਆਪਣੇ ਬੇੜੇ ਵਿਚ ਸਾਮਾਨ ਲੱਦ ਕੇ ਲੈ ਕੇ ਜਾ ਰਿਹਾ ਸੀ, ਕਿ ਉਸ ਦਾ ਜਹਾਜ਼ ਡੂੰਘੇ ਪਾਣੀ ਦੇ ਤੂਫ਼ਾਨ ਵਿਚ ਡੱਕੇ-ਡੋਲੇ ਖਾਣ ਲੱਗ ਪਿਆ। ਔਖੀ ਘੜੀ ਤੇ ਮੁਸ਼ਕਲ ਵੇਲੇ ਗੁਰੂ ਸਿੱਖ ਨੇ ਗੁਰੂ ਨਾਨਕ ਦੇ ਦਰਬਾਰ ਦਾ ਧਿਆਨ ਆਪਣੇ ਮਨ ਵਿਚ ਰੱਖ ਕੇ ਗੁਰੂ ਨਾਨਕ ਦੇ ਦਰ 'ਤੇ ਅਰਦਾਸ ਕੀਤੀ ਕਿ ਸੱਚੇ ਪਾਤਿਸ਼ਾਹ ਮੇਰਾ ਬੇੜਾ ਬੰਨੇ ਲਾ ਦਿਉ ਮੈਂ ਆਪਦੇ ਦਰ 'ਤੇ ਪੰਜ ਸੌ ਮੋਹਰਾਂ ਭੇਟ ਚੜ੍ਹਾਵਾਂਗਾ। ਮੱਖਣ ਸ਼ਾਹ ਦੀ ਅਰਦਾਸ ਪ੍ਰਵਾਨ ਹੋਈ, ਬੇੜਾ ਬੰਨੇ ਲੱਗ ਗਿਆ। ਸੁੱਖੀ ਸਾਂਦੀਂ ਘਰ ਪਹੁੰਚਿਆ। ਪਤਾ ਕੀਤਾ ਗੁਰੂ ਨਾਨਕ ਦੀ ਗੱਦੀ 'ਤੇ ਇਸ ਵਕਤ ਕੌਣ ਹੈ। ਪਤਾ ਲੱਗਿਆ ਕਿ ਅੱਠਵੇਂ ਪਾਤਿਸ਼ਾਹ ਨੇ ਕਿਹਾ ਸੀ 'ਬਾਬਾ ਵਸੈ ਬਕਾਲੇ' ਮੱਖਣ ਸ਼ਾਹ ਆਪਣੇ ਸੰਗੀਆਂ-ਸਾਥੀਆਂ ਨੂੰ ਲੈ ਕੇ ਪਰਿਵਾਰ ਸਮੇਤ ਆਪਣੀ ਸੁੱਖੀ ਹੋਈ ਸੁੱਖਣਾ ਲਾਹੁਣ ਵਾਸਤੇ ਬਕਾਲੇ ਨਗਰ ਪਹੁੰਚ ਗਿਆ। ਕੀ ਦੇਖਦਾ ਹੈ ਕਿ ਇਥੇ ਬਾਈ ਮੰਜੀਆਂ ਡਾਹ ਕੇ ਕਈ ਪਾਖੰਡੀ ਗੁਰੂ ਬੈਠੇ ਹੋਏ ਹਨ। ਕੋਈ ਕਹਿੰਦਾ ਮੈਂ ਸੱਚਾ ਗੁਰੂ ਹਾਂ, ਕੋਈ ਕਹਿੰਦਾ ਮੈਂ ਹਾਂ, ਕੋਈ ਪਤਾ ਨਹੀਂ ਸੀ ਲੱਗਦਾ, ਭੰਬਲ-ਭੂਸਾ ਪਿਆ ਹੋਇਆ ਸੀ। ਭੋਲੀ-ਭਾਲੀ ਸੰਗਤ ਨੂੰ ਇਹ ਦੰਭੀ ਪਖੰਡੀ ਲੁੱਟੀ ਜਾ ਰਹੇ ਸਨ। ਮੱਖਣ ਸ਼ਾਹ ਨੇ ਸੋਚਿਆ ਕੋਈ ਤਰਕੀਬ ਲੜਾਈ ਜਾਵੇ। ਵਪਾਰੀ ਪੁੱਤ ਸੀ, ਮਨ ਵਿਚ ਆਈ ਕਿ ਸਾਰਿਆਂ ਨੂੰ ਪੰਜ-ਪੰਜ ਮੋਹਰਾਂ ਰੱਖ ਕੇ ਮੱਥਾ ਟੇਕੀ ਜਾਨਾਂ ਹਾਂ, ਜਿਹੜਾ ਸੱਚਾ ਹੋਵੇਗਾ ਆਪੇ ਪੰਜ ਸੌ ਮੋਹਰਾਂ ਮੰਗ ਲਵੇਗਾ। ਸੋ, ਇਸੇ ਤਰ੍ਹਾਂ ਹੀ ਕੀਤਾ, ਪਰ ਮੱਖਣ ਸ਼ਾਹ ਵਲੋਂ ਸੁੱਖੀ ਹੋਈ ਸੁੱਖਣਾ ਕਿਸੇ ਨੇ ਵੀ ਨਾ ਮੰਗੀ। ਹਾਰ ਕੇ ਮੱਖਣ ਸ਼ਾਹ ਨੇ ਉਥੇ ਪੁੱਛਿਆ ਕਿ ਇਨ੍ਹਾਂ ਤੋਂ ਬਿਨਾਂ ਇਥੇ ਕੋਈ ਹੋਰ ਵੀ ਗੁਰੂ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਇਥੇ ਤੇਗ ਬਹਾਦਰ ਵੀ ਹਨ, ਪਰ ਉਹ ਜ਼ਿਆਦਾ ਸਮਾਂ ਭੋਰੇ ਵਿਚ ਹੀ ਰਹਿੰਦੇ ਹਨ ਤੇ ਬਾਹਰ ਘੱਟ ਹੀ ਨਿਕਲਦੇ ਹਨ। ਉਨ੍ਹਾਂ ਤੋਂ ਟਿਕਾਣਾ ਪੁੱਛਿਆ। ਆ ਕੇ ਮਾਤਾ ਨਾਨਕੀ ਨੂੰ ਬੇਨਤੀ ਕੀਤੀ ਕਿ ਮੈਂ ਬਹੁਤ ਦੂਰੋਂ ਆਇਆ ਹਾਂ, ਤੇਗ ਬਹਾਦਰ ਦੇ ਦਰਸ਼ਨ ਕਰਨੇ ਹਨ। ਮਾਤਾ ਜੀ ਨੇ ਗੁਰੂ ਜੀ ਤੋਂ ਆਗਿਆ ਲੈ ਕੇ ਮੱਖਣ ਸ਼ਾਹ ਨੂੰ ਜਦੋਂ ਗੁਰੂ ਜੀ ਦੇ ਦਰਸ਼ਨ ਕਰਵਾਏ ਤਾਂ ਸਤਿਗੁਰੂ ਜੀ ਦਾ ਨੂਰਾਨੀ ਚੇਹਰਾ ਦੇਖ ਕੇ ਮਨ ਨੂੰ ਧਰਵਾਸ ਬੱਝਿਆ। ਪੰਜ ਮੋਹਰਾਂ ਗੁਰੂ ਜੀ ਅੱਗੇ ਰੱਖ ਕੇ ਮੱਥਾ ਟੇਕਿਆ। ਸਤਿਗੁਰੂ ਜੀ ਕਹਿਣ ਲੱਗੇ, ਮੱਖਣ ਸ਼ਾਹ ਗੁਰੂ ਘਰ ਮਾਇਆ ਦੀ ਕੋਈ ਘਾਟ ਨਹੀਂ ਹੈ, ਪਰ ਗੁਰਸਿੱਖਾ ਜਿਹੜਾ ਵਾਅਦਾ ਕਰੀਏ, ਉਹ ਪੂਰਾ ਨਿਭਾਈਦਾ ਹੈ। ਇਹ ਬਚਨ ਸੁਣ ਕੇ ਮੱਖਣ ਸ਼ਾਹ ਗਦ-ਗਦ ਹੋ ਗਿਆ। ਕਹਿਣ ਲੱਗਾ ਸਤਿਗੁਰੂ ਆਪ ਜੀ ਭੋਰੇ ਵਿਚ ਲੁਕ ਕੇ ਬੈਠੇ ਹੋ, ਉਧਰ ਪਖੰਡੀ ਗੁਰੂ ਭੋਲੀ-ਭਾਲੀ ਸੰਗਤ ਨੂੰ ਦੋਵੇਂ ਹੱਥੀਂ ਲੁੱਟ ਰਹੇ ਹਨ। ਕ੍ਰਿਪਾ ਕਰੋ ਸਤਿਗੁਰੂ ਜੀ ਪ੍ਰਗਟ ਹੋਵੋ। ਸੰਗਤਾਂ ਨੂੰ ਤਾਰੋ। ਮੱਖਣ ਸ਼ਾਹ ਨੇ ਕੋਠੇ ਚੜ੍ਹ ਕੇ ਰੌਲਾ ਪਾ ਦਿੱਤਾ 'ਸਾਚਾ ਗੁਰੂ ਲਾਧੋ ਰੇ' 'ਸਾਚਾ ਗੁਰੂ ਲਾਧੋ ਰੇ' ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ। ਆਪੇ ਬਣੇ ਝੂਠੇ ਗੁਰੂਆਂ ਨੂੰ ਭੱਜਣ ਦਾ ਰਾਹ ਨਾ ਲੱਭਾ। ਸੰਗਤਾਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਸ਼ਨ ਕਰਕੇ ਨਿਹਾਲ ਹੋਈਆਂ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਉਸ ਪਵਿੱਤਰ ਯਾਦ ਨੂੰ ਸਮਰਪਿਤ ਹੀ ਬਾਬਾ ਬਕਾਲਾ ਸਾਹਿਬ ਵਿਖੇ 'ਸਾਚਾ ਗੁਰੂ ਲਾਧੋ ਰੇ' ਦਿਵਸ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਬੜੀ ਧੂਮਧਾਮ ਅਤੇ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ।

# ਨਾਟਕ ਹੀ ਨਾਟਕ

ਸਤਵਿੰਦਰ ਸਿੰਘ ਬੇਗੋਵਾਲੀਆ

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸੰਪਾਦਕ'**



ਸਤਵਿੰਦਰ ਸਿੰਘ ਬੇਗੋਵਾਲੀਆ

**ਦੀਪਕ** : ਅੱਜ ਮਿਲਿਐ ਸਾਨੂੰ ਕਲਾ ਦਾ ਦੇਵਤਾ। ਕਿਉਂ ਬਿੱਟੂ?

**ਬਿੱਟੂ** : ਇਹਨੂੰ ਕਹਿੰਦੇ ਨੇ ਕਿਸਮਤ, ਮਾਰ ਦਿੱਤੈ ਸਾਨੂੰ ਰਿਹਰਸਲਾਂ ਕਰਵਾ ਕਰਵਾ ਕੇ ਵੱਡੇ ਨਾਟਕਕਾਰ ਨੇ। ਸਲਾਨਾ ਪ੍ਰੋਗਰਾਮ ਵਿਚ ਅਸੀਂ ਤਾਂ ਨਾਟਕ ਨਹੀਂ ਕਰਦੇ ਤੇ ਇੰਨੀ ਜਲਦੀ ਉਹਦੇ ਤੋਂ ਨਵੇਂ ਕਲਾਕਾਰ ਤਿਆਰ ਨਹੀਂ ਹੋਣੇ।

**ਧੀਰਾ** : ਸ਼ਾਵਾ ਜਵਾਨੋ, ਮੈਂ ਚਲਦਾਂ। ਸਨਮ ਆ ਗਿਆ ਤਾਂ ਮੇਰੇ ਤਾਂ ਸਿੰਗ ਫਸਣਗੇ ਹੀ ਤੇ ਤੁਹਾਡਾ ਪੰਜ ਪੰਜ ਸੌ ਦਾ ਨੁਕਸਾਨ ਵੀ ਹੋ ਕੇ ਰਹੇਗਾ।

**ਦੀਪਕ** : ਧੀਰੇ ਸਰ ਨੂੰ ਸਾਡਾ ਕਿੰਨਾ ਖ਼ਿਆਲ ਏ। (ਧੀਰਾ ਚਲਾ ਜਾਂਦਾ ਹੈ)

**ਬਿੱਟੂ** : ਅਸੀਂ ਧੀਰੇ ਸਰ ਦੀ ਡੋਰ ਫੜ ਕੇ ਰੱਖਾਂਗੇ। ਕੀ ਪਤੈ ਕਿਧਰ ਦਾ ਚਾਂਸ ਲੱਗ ਜਾਏ।
(ਸਨਮ ਆਉਂਦਾ ਹੈ ਜੋ ਪੂਰੀ ਤਰ੍ਹਾਂ ਘਬਰਾਇਆ ਹੋਇਆ ਹੈ)

**ਪਰਦੇਸੀ** : ਹਾਂ ਸਰ, ਸੁੱਖ ਏ ਨਾ?

**ਸਨਮ** : ਸੁੱਖ ਕਿੱਥੇ ਪਰਦੇਸੀ। ਕਿਸੇ ਨੇ ਕਰਤਾਰਪੁਰ ਵਾਲੇ ਕਲਾਕਾਰ ਨੂੰ ਫੂਨ 'ਤੇ ਕਹਿ ਦਿੱਤੈ ਬਈ ਪ੍ਰੋਗਰਾਮ ਕੈਂਸਲ ਹੋ ਗਿਐ। ਉਹ ਤਾਂ ਚੱਲੇ ਵੀ ਨਹੀਂ, ਉਹਨਾਂ ਦੱਸਿਐ ਫੂਨ ਕਰਨ ਵਾਲਾ ਆਪਣੇ ਆਪ ਨੂੰ ਪ੍ਰੋਗਰਾਮ ਦਾ ਪ੍ਰਬੰਧਕ ਦੱਸਦਾ ਸੀ।

**ਪਰਦੇਸੀ** : ਹਰਾਮੀ ਧੀਰੇ ਨੇ ਕੀਤਾ ਹੋਵੇਗਾ, ਚਾਰੇ ਪਾਸੇ ਅੱਗ ਲਾਈ ਫਿਰਦੈ ਕੁੱਤਾ। ਅੱਗ ਲਾ ਕੇ ਚੜ੍ਹ ਜਾਂਦੈ ਰੂੜੀ 'ਤੇ। ਹੁਣੇ ਈ ਇਥੋਂ ਹੋ ਕੇ ਗਿਐ, ਇਹਨਾਂ ਦੋਵਾਂ ਨੂੰ ਸਬਜ ਬਾਗ ਵਿਖਾ ਰਿਹਾ ਸੀ।

**ਦੀਪਕ** : ਸਾਨੂੰ ਤਾਂ ਕੁੱਝ ਨਹੀਂ ਕਿਹਾ ਧੀਰੇ ਸਰ ਨੇ।

**ਸਨਮ** : (ਆਪਣੇ ਆਪ ਨਾਲ) ਹੁਣ ਕੀ ਹੋਵੇਗਾ? ਬਿੱਟੂ ਤੇ ਦੀਪਕ ਦੋ ਜਣੇ ਆਹ, ਤੀਜਾ ਸ਼ਿੰਦਾ ਤੇ ਚੌਥਾ ਮੈਂ..... ਨਾਟਕ ਛੋਟਾ ਕਰਕੇ ਖੇਡ ਸਕਾਂਗੇ.....


**ਪਰਦੇਸੀ** : ਤੇ ਬਿੱਲਾ ਕਿੱਥੇ ਗਿਐ?

**ਸਨਮ** : ਕਲ੍ਹ ਸ਼ਾਮ ਉਹਦੇ ਘਰ ਫੂਨ ਕੀਤਾ ਤਾਂ ਪਤਾ ਲੱਗਾ ਉਹਦੀ ਫਲਾਈਟ ਏ ਕਨੇਡਾ ਦੀ। ਉਹਦੇ ਪਿਉ ਨੇ ਬੜੀ ਭੈੜੀ ਜਿਹੀ ਭਾਸ਼ਾ ਵਿਚ ਕਿਹਾ-'ਮੁੰਡੇ ਨੂੰ ਕੰਮ 'ਤੇ ਵੀ ਤਾਂ ਲਾਉਣਾ ਏ ਕਿ ਸਾਰੀ ਜ਼ਿੰਦਗੀ ਨਾਟਕ ਹੀ ਖੇਡੀ ਜਾਣੇ ਨੇ।' ਮੈਂ ਬੜੀ ਮੇਹਨਤ ਕਰਵਾ ਕੇ ਉਹਨੂੰ ਚੰਗਾ ਕਲਾਕਾਰ ਬਣਾਇਆ ਸੀ.....

**(ਚਲਦਾ)**

**ਖੋਹ ਕੇ ਖਾਣ ਵਾਲਿਆਂ ਦੇ ਕਦੇ ਢਿੱਡ ਨਹੀਂ ਭਰਦੇ,
ਤੇ ਵੰਡ ਕੇ ਖਾਣ ਵਾਲੇ ਕਦੇ ਭੁੱਖੇ ਨਹੀਂ ਰਹਿੰਦੇ।**

# ਇਕ ਇਨਸਾਨ ਨੂੰ ਕਿੰਨੀ ਜ਼ਮੀਨ ਚਾਹੀਦੀ ਹੈ?



## ਇਕ ਰੂਸੀ ਕਹਾਣੀ      ਲਿਖਾਰੀ ਟਾਲ ਸਟਾਏ

**ਤਰਜਮਾਨ ਅਮਰੀਕ ਸਿੰਘ**

ਇਕ ਵੱਡੀ ਭੈਣ ਜੋ ਸ਼ਹਿਰ ਦੇ ਵਪਾਰੀ ਨਾਲ ਵਿਆਹੀ ਹੋਈ ਸੀ ਆਪਣੇ ਪਿੰਡ ਵਿਚ ਆਪਣੀ ਛੋਟੀ ਭੈਣ ਨੂੰ ਮਿਲਣ ਆਈ ਜੋ ਪਿੰਡ ਦੇ ਕਿਸਾਨ ਨਾਲ ਵਿਆਹੀ ਸੀ ਜਿਓਂ ਹੀ ਭੈਣਾਂ ਚਾਹ ਪੀਣ ਲਗੀਆਂ, ਵੱਡੀ ਭੈਣ ਸ਼ਹਿਰ ਵਿਚ ਵਸਣ ਦੇ ਫਾਇਦੇ ਦੱਸਣ ਲਗੀ ਕਿ ਉਹ ਕਿੰਨਾ ਚੰਗਾ ਲਿਬਾਸ ਪਾਉਂਦੇ ਹਨ, ਬੱਚੇ ਕਿੰਨੇ ਸੋਹਣੇ ਕੱਪੜੇ ਪਹਿਨਦੇ ਹਨ, ਕਿੰਨੀਆਂ ਚੰਗੀਆਂ ਚੀਜ਼ਾਂ ਉਹ ਖਾਂਦੇ ਅਤੇ ਪੀਂਦੇ ਹਨ ਅਤੇ ਸਿਨੇਮਾ ਵੇਖਣ ਜਾਂਦੇ ਹਨ ਆਦਿ। ਛੋਟੀ ਭੈਣ ਨੂੰ ਇਹ ਗਲਾਂ ਚੁਭੀਆਂ ਅਤੇ ਉਸਨੇ ਵਪਾਰੀ ਦੀ ਜ਼ਿੰਦਗੀ ਦੀ ਰਹਿਣੀ ਬਹਿਣੀ ਨਾਲ ਮਤ ਭੇਦ ਜਾਹਰ ਕੀਤਾ ਅਤੇ ਕਿਸਾਨ ਦੀ ਜ਼ਿੰਦਗੀ ਨੂੰ ਚੰਗਾ ਕਿਹਾ। ਭਾਵੇਂ ਤੁਸੀਂ ਜ਼ਿਆਦਾ ਕਮਾਦੇ ਹੋ, ਚੰਗੇ ਤਰੀਕੇ ਨਾਲ ਰਹਿੰਦੇ ਹੋ ਪਰ ਤੁਸੀਂ ਸਭ ਕੁਝ ਘਾਟੇ ਵਿਚ ਗੁਆ ਵੀ ਸਕਦੇ ਹੋ। ਕੀ ਤੁਸੀਂ ਸੁਣਿਆ ਹੈ ਕਿ ਘਾਟਾ ਅਤੇ ਫਾਇਦਾ ਦੋਵੇਂ ਜੁੜਵਾਂ ਭਰਾ ਹਨ? ਕਈ ਵਾਰੀ ਵਪਾਰੀਆਂ ਦਾ ਦਵਾਲੀਆ ਵੀ ਨਿਕਲ ਜਾਂਦਾ ਹੈ। ਮੈ ਆਪਣੀ ਜ਼ਿੰਦਗੀ ਨੂੰ ਤੁਹਾਡੇ ਨਾਲ ਨਹੀਂ ਬਦਲਾਂਗੀ ਕਿਉਂਕਿ ਭਾਵੇਂ ਅਸੀਂ ਰੁਖੇ ਹਾਂ ਪਰ ਸਾਨੂੰ ਕੋਈ ਖਿਚੋਤਾਨ ਤੇ ਨਹੀਂ। ਕਿਸਾਨ ਦੀ ਜ਼ਿੰਦਗੀ ਵਿਚ ਅਮੀਰੀ ਨਹੀਂ ਪਰ ਹੈ ਲੰਬੀ। ਭਾਵੇਂ ਅਸੀਂ ਕਦੀ ਅਮੀਰ ਨਹੀਂ ਹੋ ਸਕਦੇ ਪਰ ਸਾਡੇ ਕੋਲ ਖਾਣ ਲਈ ਬਥੇਰਾ ਰਹਿੰਦਾ ਹੈ।

ਵੱਡੀ ਭੈਣ ਨੱਕ ਚੜ੍ਹਾ ਕੇ ਬੋਲੀ, ਹਾਂ ਠੀਕ ਹੈ ਜੇ ਤੁਸੀਂ ਸੂਰਾਂ, ਕੱਟੇ ਅਤੇ ਵਛਿਆਂ ਨੂੰ ਪਸੰਦ ਕਰਦੇ ਹੋ! ਤੁਹਾਨੂੰ ਕੀ ਪਤਾ ਹੈ ਸੁੰਦਰਤਾ ਅਤੇ ਸਹਿਜਤਾ ਦਾ! ਜਿੰਨਾਂ ਵੀ ਤੁਸੀਂ ਚੰਗੇ ਬਣੋ, ਆਖਰਕਾਰ ਜਿਊਂਦੇ ਵੀ ਹੋ ਅਤੇ ਮਰੋਗੇ ਵੀ ਤੁਸੀਂ ਰੂੜੀ ਦੇ ਢੇਰ ਉੱਤੇ ਅਤੇ ਅਗੋਂ ਤੁਹਾਡੇ ਬਚੇ ਵੀ। ਛੋਟੀ ਭੈਣ ਬੋਲੀ, ਫਿਰ ਕੀ ਸਾਡਾ ਕੰਮ ਹੀ ਸਖਤ ਅਤੇ ਪੇਂਡੂ ਹੈ ਪਰ ਅਸੀਂ ਕਿਸੇ ਦੇ ਵੀ ਅੱਗੇ ਝੁਕਦੇ ਤੇ ਨਹੀਂ। ਤੁਸੀਂ ਸ਼ਹਿਰ ਵਿਚ ਕਈ ਪ੍ਰਲੋਭਣਾਂ ਨਾਲ ਘਿਰੇ ਰਹਿੰਦੇ ਹੋ, ਕਲ ਪਤਾ ਨਹੀ ਤੁਹਾਡਾ ਪਤੀ ਕਿਹੜੀ ਬੁਰਾਈ ਦਾ ਸ਼ਿਕਾਰ ਹੋ ਜਾਏ ਜੂਏ ਦਾ, ਸ਼ਰਾਬ ਦਾ ਜਾਂ ਕਿਸੇ ਔਰਤ ਦਾ ਅਤੇ ਜਾਣ ਬੁਝ ਕੇ ਖਾਈ ਵਿਚ ਡਿੱਗ ਸਕਦਾ ਹੈ। ਕੀ ਇਹੋ ਜਹੀਆਂ ਘਟਨਾਂ ਆਮ ਨਹੀ ਵਾਪਰਦੀਆਂ ਸ਼ਹਿਰ? ਛੋਟੀ ਭੈਣ ਦਾ ਪਤੀ, ਅਮਰ, ਇਕ ਪਾਸੇ ਲੇਟਿਆ ਦੋਨਾਂ ਔਰਤਾਂ ਦੀ ਗੱਲਬਾਤ ਸੁਣ ਰਿਹਾ ਸੀ ਉਸ ਨੇ ਸੋਚਿਆ ਕਿ, ਇਹ ਬਿਲਕੁਲ ਸਚ ਹੈ ਕੇ ਅਸੀਂ ਕਿਸਾਨ ਬਚਪਨ ਤੋਂ ਹੀ ਧਰਤੀ ਮਾਤਾ ਨੂੰ ਵਾਹੁੰਦੇ ਹਾਂ ਪਰ ਸਾਡੇ ਕੋਲ ਵੇਹਲਾ ਸਮਾਂ ਤਾਂ ਨਹੀ ਹੈ ਆਪਣੇ ਦਿਮਾਗ ਵਿਚ ਫਜ਼ੂਲ ਗਲਾਂ ਭਰਨ ਦਾ। ਸਾਡੀ ਮੁਸ਼ਕਿਲ ਇਕ ਹੀ ਹੈ ਸਾਡੇ ਕੋਲ ਕਾਫੀ ਜ਼ਮੀਨ ਨਹੀਂ ਹੈ।

ਔਰਤਾਂ ਨੇ ਚਾਹ ਪੀ ਲਈ, ਕੁਝ ਗੱਲਾਂ ਕੀਤੀਆਂ ਅਤੇ ਫਿਰ ਸੌ ਗਈਆਂ। ਸ਼ੈਤਾਨ ਨੇ ਵੀ ਸਭ ਕੁਝ ਸੁਣਿਆ ਅਤੇ ਠਾਣ ਲਈ ਕੇ ਮੈਂ ਅਮਰ ਨੂੰ ਕਾਫੀ ਜ਼ਮੀਨ ਦਿਆਂਗਾ ਅਤੇ ਇਸ ਜ਼ਮੀਨ ਨਾਲ ਅਮਰ ਨੂੰ ਆਪਣੇ ਵਸ ਵਿਚ ਕਰ ਲਵਾਂਗਾ। ਪਿੰਡ ਦੇ ਨੇੜੇ ਹੀ ਇਕ ਔਰਤ ਰਹਿੰਦੀ ਸੀ ਜਿਸ ਦੀ ਜ਼ਮੀਨ ਤਿੰਨ ਸੌ ਏਕੜ ਸੀ। ਉਸ ਨੇ ਇਕ ਰੀਟਾਇਰਡ ਫੌਜੀ ਨੂੰ ਆਪਣੀ ਜ਼ਮੀਨ ਤੇ ਫਸਲ ਉਗਾਉਣ ਲਈ ਰਖਿਆ ਹੋਇਆ ਸੀ। ਅਮਰ ਦੇ ਡੰਗਰ ਉਸ ਦੀ ਖੇਤੀ ਵਿਚ ਅਕਸਰ ਚਲੇ ਜਾਂਦੇ ਅਤੇ ਅਮਰ ਨੂੰ ਹਰ ਵਾਰੀ ਜ਼ੁਰਮਾਨਾ ਭਰਨਾ ਪੈਂਦਾ।

ਆਉਂਦੀਆਂ ਸਰਦੀਆਂ ਇਹ ਖ਼ਬਰ ਫੈਲ ਗਈ ਕੇ ਉਹ ਔਰਤ ਜ਼ਮੀਨ ਵੇਚਣਾ ਚਾਹੁੰਦੀ ਹੈ। ਪਿੰਡ ਦੇ ਕੁਝ ਲੋਕ ਉਸ ਔਰਤ ਕੋਲ ਗਏ ਕੇ ਅਸੀਂ ਤੁਹਾਡੀ ਜ਼ਮੀਨ ਖਰੀਦ ਲੈਂਦੇ ਹਾਂ ਪਰ ਸੌਦਾ ਸਿਰੇ ਨਾ ਚੜ੍ਹਿਆ। ਫਿਰ ਉਹਨਾਂ ਇਕਲਿਆਂ ਇਕਲਿਆਂ ਨੇ ਥੋੜ੍ਹੀ ਥੋੜ੍ਹੀ ਜ਼ਮੀਨ ਆਪਣੀ ਹਿੰਮਤ ਅਨੁਸਾਰ ਲੈ ਲਈ। ਅਮਰ ਨੇ ਆਪਣੀ ਪਤਨੀ ਨੂੰ ਕਿਹਾ, ਅਸੀਂ ਵੀ ਵੀਹ ਏਕੜ ਲੈ ਲੈਂਦੇ ਹਾਂ। ਉਹ ਔਰਤ ਕਹਿ ਰਹੀ ਹੈ ਕੇ ਅੱਧੇ ਪੈਸੇ ਹੁਣ ਦਿਉ ਅਤੇ ਅੱਧੇ ਇਕ ਸਾਲ ਬਾਦ। ਅਮਰ ਤੇ ਉਸ ਦੀ ਪਤਨੀ ਕੋਲ ਸਿਰਫ ਇਕ ਸੌ ਰੂਬਲ ਸਨ; ਆਪਣੇ ਘੋੜੀ ਦਾ ਵਛੇਰਾ ਵੇਚਿਆ ਅਤੇ ਕੁਝ ਸ਼ੈਹਦ ਬਨਾਉਣ ਵਾਲੀਆਂ ਮੱਖੀਆਂ ਅਤੇ ਆਪਣੇ ਇਕ ਪੁਤਰ ਨੂੰ ਕਿਸੇ ਦਾ ਕੰਮ ਕਰਨ ਲਈ ਲਗਾ ਦਿੱਤਾ ਅਤੇ ਉਸ ਦੀ ਤਨਖਾਹ ਪਹਿਲਾਂ ਲੈ ਲਈ। ਅਮਰ ਉਸ ਔਰਤ ਕੋਲ ਗਿਆ ਅਤੇ ਉਸ ਨੇ ਵੀਹ ਏਕੜ ਦੀ ਬਜਾਏ ਚਾਲੀ ਏਕੜ ਜ਼ਮੀਨ ਉਸ ਔਰਤ ਨੂੰ ਅੱਧੇ ਪੈਸੇ ਦੋ ਸਾਲਾਂ ਬਾਦ ਲੈਣ ਲਈ ਮਨਾ ਲਿਆ। ਲਿਖਾ ਲਿਖਾਈ ਕਰ ਲਈ।

ਹੁਣ ਅਮਰ ਕੋਲ ਆਪਣੀ ਜ਼ਮੀਨ ਸੀ। ਫਸਲ ਬਹੁਤ ਚੰਗੀ ਹੋਈ ਅਤੇ ਅਮਰ ਨੇ ਫਸਲ ਵੇਚ ਕੇ ਸਾਰਾ ਕਰਜ਼ਾ ਲਾਹ ਦਿੱਤਾ। ਅਮਰ ਖੁਸ਼ ਸੀ ਕਿ ਉਸ ਕੋਲ ਆਪਣੀ ਜ਼ਮੀਨ ਹੈ, ਪਸ਼ੂ ਆਪਣਿਆਂ ਖੇਤਾਂ ਵਿਚ ਚੁਗਦੇ ਹਨ, ਉਸ ਦੇ ਆਪਣੇ ਦਰੱਖਤ ਹਨ ਅਤੇ ਆਪਣੇ ਫੁਲ। ਅਮਰ ਬੜਾ ਸੰਤੁਸ਼ਟ ਸੀ। ਲੋਕਾਂ ਨੇ ਉਸ ਦੀ ਫਸਲ ਵਿਚ ਆਪਣੀਆਂ ਗਊਆਂ ਨੂੰ ਕਈ ਵਾਰੀ ਚੁਗਣ ਲਈ ਵਾੜ ਦੇਣਾ ਜਿਸ ਨਾਲ ਅਮਰ ਦੀ ਫਸਲ ਉਜੜ ਜਾਣੀ। ਅਮਰ ਨੇ ਬੜੀ ਨਿਮਰਤਾ ਨਾਲ ਲੋਕਾਂ ਨੂੰ ਕਈ ਵਾਰ ਕਿਹਾ ਕਿ ਉਹ ਇਸ ਤਰ੍ਹਾਂ ਨਾ ਕਰਨ ਪਰ ਲੋਕ ਨਾ ਮੁੜੇ। ਆਖਰ ਅਮਰ ਦੇ ਸਬਰ ਦੀ ਹੱਦ ਆ ਗਈ ਅਤੇ ਉਸ ਨੇ ਜ਼ਿਲ੍ਹੇ ਦੀ ਕਚੈਹਰੀ ਵਿਚ ਸ਼ਿਕਾਇਤ ਕਰ ਦਿੱਤੀ। ਇਕ ਦੋ ਕਿਸਾਨਾਂ ਨੂੰ ਜੱਜ ਸਾਹਿਬ ਨੇ ਜ਼ੁਰਮਾਨਾ ਕਰ ਦਿੱਤਾ। ਉਸ ਦੇ ਕਿਸਾਨ ਗੁਆਂਡੀ ਅਮਰ ਨਾਲ ਈਰਖਾ ਕਰਨ ਲੱਗ ਪਏ। ਗੁਆਂਡੀਆਂ ਨੇ ਜਾਣ ਬੁਝ ਕੇ ਡੰਗਰਾਂ ਨੂੰ ਅਮਰ ਦੀ ਫਸਲ ਉਜਾੜਣ ਲਈ ਰਾਤ ਵੇਲੇ ਛਡ ਦੇਣਾ ਅਤੇ ਇਕ ਵਾਰੀ ਅਮਰ ਦੇ ਪੰਜ ਨਿੰਬੂਆਂ ਦੇ ਦਰੱਖਤ ਵੀ ਕੱਟ ਦਿਤੇ। ਅਮਰ ਨੇ ਜਦੋਂ ਕੱਟੇ ਦਰੱਖਤ ਦੇਖੇ ਤਾਂ ਉਸ ਨੂੰ ਬਹੁਤ ਗੁੱਸਾ ਆਇਆ।

ਅਮਰ ਨੂੰ ਸ਼ਾਮ ਉਪਰ ਸ਼ੱਕ ਹੋਇਆ। ਉਸ ਨੇ ਸ਼ਾਮ ਉੱਤੇ ਮੁਕੱਦਮਾ ਕਰ ਦਿੱਤਾ ਪਰ ਕੋਈ ਸਬੂਤ ਨਾ ਹੋਣ ਕਰਕੇ ਜੱਜਾਂ ਨੇ ਮੁਕਦਮਾ ਖਾਰਜ ਕਰ ਦਿੱਤਾ। ਅਮਰ ਜੱਜਾਂ ਨਾਲ ਲੜਿਆ ਕੇ ਤੁਸੀ ਦੋਸ਼ੀਆਂ ਕੋਲੂੰ ਪੈਸੇ ਲੈ ਕੇ ਉਹਨਾਂ ਨੂੰ ਛਡ ਦਿੰਦੇ ਹੋ। ਅਮਰ ਕੋਲ ਭਾਵੇਂ ਆਪਣੀ ਜ਼ਮੀਨ ਸੀ ਪਰ

ਉਹ ਪਹਿਲੋਂ ਨਾਲੋ ਬੇ-ਸ਼ਾਂਤ ਸੀ।

ਕੁਝ ਦਿਨਾਂ ਬਾਦ ਇਹ ਖ਼ਬਰ ਫੈਲ ਗਈ ਕਿ ਬਹੁਤ ਸਾਰੇ ਲੋਕ ਪਿੰਡ ਤੋਂ ਹੋਰ ਇਲਾਕਿਆਂ ਵਿਚ ਜਾ ਰਹੇ ਹਨ। ਅਮਰ ਨੇ ਕਿਹਾ ਉਹ ਨਹੀਂ ਜਾਵੇਗਾ ਕਿਉਂਕਿ ਉਹ ਹੋਰ ਜ਼ਮੀਨ ਖਰੀਦ ਕੇ ਵੱਡਾ ਜ਼ਿਮੀਦਾਰ ਇਥੇ ਹੀ ਬਣ ਜਾਵੇਗਾ। ਇਕ ਦਿਨ ਇਕ ਰਾਹੀ ਕਿਧਰੇ ਦੂਰ ਜਾ ਰਿਹਾ ਸੀ। ਸ਼ਾਮ ਹੋ ਗਈ। ਉਸਨੇ ਅਮਰ ਦੇ ਘਰ ਦਾ ਕੁੰਡਾ ਖੜਕਾਇਆ। ਉਹ ਰਾਤ ਕਟਣਾ ਚਾਹੁੰਦਾ ਸੀ। ਅਮਰ ਨੇ ਉਸ ਨੂੰ ਜੀ-ਆਇਆਂ ਕਿਹਾ। ਅਮਰ ਨੇ ਪੁਛਿਆ ਕਿ ਉਹ ਕਿਥੋਂ ਆਇਆ ਹੈ ਤੇ ਕਿਥੇ ਜਾਣਾ ਹੈ? ਉਸ ਨੇ ਕਿਹਾ, ਉਹ ਵੋਲਗਾ ਦੇ ਪਾਰ ਤੋਂ ਆਇਆ ਹੈ। ਉਥੋਂ ਦੀ ਜਮੀਨ ਬਹੁਤ ਜਰਖੇਜ਼ ਹੈ। ਜ਼ਮੀਨ ਤੇ ਬੀਜੀ ਰਾਈ ਫਸਲ ਘੋੜੇ ਜਿਡੀ ਉਚੀ ਹੋ ਜਾਂਦੀ ਹੈ ਅਤੇ ਬਹੁਤ ਝਾੜ ਦਿੰਦੀ ਹੈ। ਉਸ ਨੇ ਦਸਿਆ ਕੇ ਸਾਡੇ ਪਿੰਡ ਦੇ ਬਹੁਤ ਲੋਕ ਉਥੇ ਗਏ ਹਨ ਅਤੇ ਹਰ ਇਕ ਨੇ ਪੱਚੀ ਏਕੜ ਜ਼ਮੀਨ ਖਰੀਦੀ ਹੈ। ਜ਼ਮੀਨ ਬਹੁਤ ਸਸਤੀ ਮਿਲਦੀ ਹੈ। ਉਸ ਨੇ ਇਹ ਵੀ ਦਸਿਆ ਕੇ ਉਹਨਾਂ ਦੇ ਪਿੰਡੋਂ ਇਕ ਆਦਮੀ ਖਾਲੀ ਹੱਥ ਉਸ ਜਗਾਹ ਗਿਆ ਸੀ ਅਤੇ ਉਸ ਨੇ ਪੱਚੀ ਏਕੜ ਜ਼ਮੀਨ ਵਿਚੋਂ ਫਸਲ ਬਹੁਤ ਪੈਦਾ ਕੀਤੀ ਕੇ ਹੁਣ ਉਸ ਕੋਲ ਛੇ ਘੋੜੇ ਅਤੇ ਦੋ ਗਾਵਾਂ ਆਪਣੀਆਂ ਹਨ। ਅਮਰ ਦਾ ਦਿਲ ਖਾਹਸ਼ ਨਾਲ ਵਿੰਨਿਆ ਗਿਆ। ਉਸ ਨੇ ਆਪਣੀ ਪਤਨੀ ਨੂੰ ਸਾਰੀ ਗਲ ਦਸੀ ਅਤੇ ਕਿਹਾ, ਉਹ ਇਥੋਂ ਦੀ ਜ਼ਮੀਨ ਅਤੇ ਘਰ ਵੇਚ ਕੇ ਉਥੇ ਬਹੁਤ ਸਾਰੀ ਜ਼ਮੀਨ ਖਰੀਦ ਸਕਦੇ ਹਨ ਅਤੇ ਰਹਿਣ ਲਈ ਉਥੇ ਵਡਾ ਘਰ ਵੀ ਬਣਾ ਲੈਣਗੇ। ਪਹਿਲਾਂ ਉਹ ਆਪ ਜਾ ਕੇ ਉਸ ਜਗ੍ਹਾ ਨੂੰ ਅੱਖੀਂ ਦੇਖ ਆਵੇ ਤਾਂ ਚੰਗਾ ਹੋਵੇਗਾ। ਪਤਨੀ ਮੰਨ ਗਈ।

ਗਰਮੀਆਂ ਦੇ ਸ਼ੁਰੂ ਵਿਚ ਅਮਰ ਉਸ ਜਗਾਹ ਵਲ ਚਲ ਪਿਆ। ਉਸਨੇ ਵੋਲਗਾ ਦਰਿਆ ਨੂੰ ਇਕ ਬੇੜੇ ਤੇ ਬੈਠ ਕੇ ਪਾਰ ਕੀਤਾ ਅਤੇ ਫਿਰ ਤਿੰਨ ਸੌ ਮੀਲ ਪੈਦਲ ਸਫਰ ਕਰ ਕੇ ਉਸ ਜਗਾਹ ਤੇ ਪਹੁੰਚ ਗਿਆ। ਉਥੋਂ ਦੀ ਜ਼ਮੀਨ ਜਿਸ ਤਰ੍ਹਾਂ ਰਾਹੀਂ ਨੇ ਦੱਸੀ ਸੀ ਬਿਲਕੁਲ ਉਸੇ ਤਰ੍ਹਾਂ ਦੀ ਸੀ। ਪੱਚੀ ਏਕੜ ਤੇ ਸਾਰੇ ਖਰੀਦ ਲੈਂਦੇ ਸਨ ਪਰ ਜਿਦੇ ਕੋਲ ਜ਼ਿਆਦਾ ਪੈਸਾ ਹੋਵੇ ਉਹ ਸਿਰਫ ਇਕ ਸੌ ਰੂਬਲ ਨਾਲ ਇਕ ਏਕੜ ਖਰੀਦ ਸਕਦਾ ਸੀ। ਉਸ ਵੇਲੇ ਰੂਬਲ ਵੀ ਬੜੇ ਥੋੜ੍ਹੇ ਲੋਕਾਂ ਕੋਲ ਹੁੰਦੇ ਸਨ। ਅਮਰ ਨੇ ਜੋ ਚਾਹਿਆ ਉਸ ਨੇ ਉਥੇ ਵੇਖਿਆ ਅਤੇ ਪਤਝੜ ਦੇ ਸ਼ੁਰੂ ਵਿਚ ਘਰ ਵਾਪਸ ਪਰਤ ਆਇਆ। ਘਰ ਆ ਕੇ ਉਸ ਨੇ ਆਪਣੀ ਜ਼ਮੀਨ ਅਤੇ ਡੰਗਰਾਂ ਨੂੰ ਅਤੇ ਘਰ ਨੂੰ ਵੇਚਨਾ ਸ਼ੁਰੂ ਕਰ ਦਿਤਾ। ਉਸ ਨੂੰ ਜ਼ਮੀਨ ਵੇਚ ਕੇ ਕਾਫੀ ਫਾਇਦਾ ਹੋਇਆ ਉਹ ਬਹਾਰ ਦੇ ਮੌਸਮ ਵਿਚ ਆਪਣੇ ਸਾਰੇ ਟਬਰ ਨਾਲ ਨਵੀਂ ਜਗਾਹ ਤੇ ਸੈਟਲ ਹੋਣ ਲਈ ਚੱਲ ਪਿਆ।

ਜਦੋਂ ਹੀ ਉਹ ਨਵੇਂ ਸਥਾਨ ਤੇ ਪਹੁੰਚੇ, ਅਮਰ ਨੇ ਜ਼ਮੀਨ ਖਰੀਦਣ ਲਈ ਕਾਗਜ਼ ਭਰੇ ਉਸ ਨੂੰ ਆਪਣਿਆਂ ਪੈਸਿਆਂ ਨਾਲ 125 ਏਕੜ ਜ਼ਮੀਨ ਮਿਲ ਗਈ। ਜ਼ਮੀਨ ਇਕੱਠੀ ਨਹੀਂ ਸੀ ਪੰਜ ਥਾਵਾਂ ਤੇ ਸੀ ਜੋ ਇਕ ਇਕ ਮੀਲ ਦੀ ਵਿਥ ਤੇ ਸਨ। ਡੰਗਰਾਂ ਦੇ ਚੁਗਣ ਲਈ ਪੰਚਾਇਤ ਦੀ ਸਾਂਝੀ ਬਹੁਤ ਜਗਾ ਸੀ। ਅਮਰ ਹੁਣ ਪਿਛਲੇ ਪਿੰਡ ਨਾਲੋ ਦਸ ਗੁਣਾਂ ਜ਼ਿਆਦਾ ਖੁਸ਼ਹਾਲ ਸੀ। ਉਹ ਜਿੰਨੇ ਚਾਹੇ ਉਨੇ ਡੰਗਰ ਰੱਖ ਸਕਦਾ ਸੀ। ਸੈਟਲ ਹੋਣ ਦੇ ਬਾਦ ਉਸ ਨੇ ਸੋਚਿਆ ਕੇ ਇਸ ਜਗਾਹ ਤੇ ਵੀ ਉਸ ਕੋਲ ਘਟ ਜ਼ਮੀਨ ਹੈ।

ਪਹਿਲੇ ਸਾਲ ਉਸਨੇ ਕਣਕ ਬੀਜੀ। ਕਣਕ ਕਾਫੀ ਨਿਕਲੀ। ਦੋ ਸਾਲ ਕਣਕ ਚੰਗੀ ਪੈਦਾ ਹੁੰਦੀ ਰਹੀ ਪਰ ਫਿਰ ਦੋ ਸਾਲ ਲਈ ਜ਼ਮੀਨ ਨੂੰ ਖੁਲ੍ਹੀ ਛੱਡਣਾ ਪੈਂਦਾ ਸੀ ਤਾਂਕਿ ਜਰਖੇਜ਼ ਹੋ ਸਕੇ। ਫਿਰ ਉਸ ਨੇ ਦੋ ਸਾਲ ਲਈ ਲਗਾਤਾਰ ਕਣਕ ਬੀਜੀ ਅਤੇ ਇਸ ਵਕਤ ਕਣਕ ਹੋਰ ਵੀ ਜ਼ਿਆਦਾ ਨਿਕਲੀ। ਉਸਨੇ ਕਾਫੀ ਪੈਸੇ ਜਮਾਂ ਕਰ ਲਏ। ਅਮਰ ਨੇ ਵੇਖਿਆ ਕਿ ਕੁਝ ਲੋਕ ਇਕੱਠੀ ਜ਼ਮੀਨ ਪਿੰਡ ਤੋਂ ਦੂਰ ਹੋਰ ਸਸਤੀ ਲੈ ਲੈਂਦੇ ਹਨ ਅਤੇ ਘਰ ਜ਼ਮੀਨ ਵਿਚ ਬਣਾ ਕੇ ਉਥੇ ਹੀ ਜ਼ਿੰਮੀਦਾਰਾ ਕਰਦੇ ਹਨ। ਥਾਂ-ਥਾਂ ਤੇ ਜ਼ਮੀਨ ਤੇ ਕੰਮ ਕਰਨਾ ਔਖਾ ਸੀ ਬਜਾਏ ਇਕ ਜਗਾਹ ਇਕੱਠੀ ਜ਼ਮੀਨ ਤੇ ਉਸਨੂੰ ਵਾਰ-ਵਾਰ ਇਹ ਖਿਆਲ ਆਉਂਦਾ ਕੇ ਉਸਨੂੰ ਇਕੋ ਜਗਾਹ ਤੇ ਇਕੱਠੀ ਪਰ ਜ਼ਿਆਦਾ ਜ਼ਮੀਨ ਖਰੀਦ ਲੈਣੀ ਚਾਹੀਦੀ ਹੈ ਜਦੋਂ ਕੇ ਉਸ ਕੋਲ ਕਾਫੀ ਪੈਸੇ ਵੀ ਹੋ ਗਏ ਸਨ ਜ਼ਮੀਨ ਖਰੀਦਣ ਲਈ।

ਅਮਰ ਵੱਡੇ ਜਿਮੀਦਾਰਾਂ ਨੂੰ ਵੇਖ ਕੇ ਆਪਣਾ ਸੰਤੋਖ ਖੋ ਬੈਠਾ ਅਤੇ ਸੋਚਦਾ ਉਸ ਕੋਲ ਵੀ ਜ਼ਿਆਦਾ ਜ਼ਮੀਨ ਹੋਣੀ ਚਾਹੀਦੀ ਹੈ। ਸੋ ਅਮਰ ਨੇ ਹੋਰ ਜ਼ਿਆਦਾ ਜ਼ਮੀਨ ਖਰੀਦਣ ਦਾ ਮੰਨ ਬਣਾ ਲਿਆ। ਉਸ ਕੋਲ ਹੁਣ 1500 ਸੌ ਰੂਬਲ ਜਮਾਂ ਹੋ ਗਏ ਸਨ।

ਇਕ ਜ਼ਿੰਮੀਦਾਰ ਕੁਝ ਮੁਸ਼ਕਿਲ ਵਿਚ ਫਸ ਗਿਆ ਸੀ। ਉਸ ਨੇ ਕਦੀ 1300 ਸੌ ਏਕੜ ਜ਼ਮੀਨ ਖਰੀਦੀ ਸੀ ਹੁਣ ਉਹ ਆਪਣੇ ਖਰੀਦੇ ਮੁਲ ਨਾਲੋਂ ਥੋੜ੍ਹੀ ਸਸਤੀ ਵੇਚਣ ਲਈ ਤਿਆਰ ਸੀ। ਅਮਰ ਨੇ ਉਸ ਜ਼ਿੰਮੀਦਾਰ ਨਾਲ ਉਸ ਦੀ 1300 ਏਕੜ ਜ਼ਮੀਨ ਖਰੀਦਣ ਦਾ ਸੌਦਾ ਸ਼ੁਰੂ ਕਰ ਦਿੱਤਾ। ਅਮਰ 1500 ਰੂਬਲ ਵਾਸਤੇ ਉਸ ਦੀ 1300 ਸੌ ਏਕੜ ਜ਼ਮੀਨ ਖਰੀਦਣ ਲਈ ਤਿਆਰ ਸੀ। ਸੌਦਾ ਹੋਣ ਦੇ ਨੇੜੇ ਹੀ ਸੀ ਕੇ ਉਸ ਦੇ ਘਰ ਇਕ ਜ਼ਮੀਨ ਦਾ ਵਪਾਰੀ ਆਪਣੇ ਘੋੜੇ ਲਈ ਚਾਰਾ ਲੈਣ ਆਇਆ। ਵਪਾਰੀ ਨੇ ਅਮਰ ਨਾਲ ਬੈਠ ਕੇ ਚਾਹ ਪੀਤੀ ਅਤੇ ਗੱਲਾਂ ਕਰਦੇ ਰਹੇ। ਵਪਾਰੀ ਨੇ ਦਸਿਆ ਕਿ ਉਹ ਬਸ਼ਕੀਰਜ ਵਾਲਿਆਂ ਦੀ ਜ਼ਮੀਨ ਜੋ ਇਥੋਂ ਬਹੁਤ ਦੂਰ ਹੈ ਉਥੋਂ ਹੁਣੇ ਪਰਤ ਕੇ ਆ ਰਿਹਾ ਹੈ ਅਤੇ ਉਸ ਨੇ 13000 ਏਕੜ ਜਜ਼ਮੀਨ ਸਿਰਫ 1000 ਰੂਬਲ ਵਿਚ ਹੀ ਖਰੀਦੀ ਹੈ। ਅਮਰ ਨੇ ਉਸ ਵਪਾਰੀ ਨਾਲ ਹੋਰ ਸੁਆਲ ਜਵਾਬ ਕੀਤੇ ਅਤੇ ਵਪਾਰੀ ਨੇ ਦੱਸਿਆ ਕਿ, ਉਥੋਂ ਦੇ ਚੀਫਾਂ ਨਾਲ ਦੋਸਤੀ ਜ਼ਰੂਰ ਕਰਣੀ ਪੈਂਦੀ ਹੈ। ਮੈਂ ਉਹਨਾਂ ਨੂੰ ਕੋਈ 100 ਰੂਬਲ ਵਿਚ ਖਰੀਦੀਆਂ ਸੋਹਣੀਆਂ ਦਰੀਆਂ, ਗਾਊਣ, ਇਕ ਚਾਹ ਦੀ ਪੇਟੀ ਅਤੇ ਵਾਈਨ ਦੀਆਂ ਵੀਹ ਬੋਤਲਾਂ ਦਿੱਤੀਆਂ ਸਨ। ਉਹਨਾਂ ਕੋਲ ਬਹੁਤ ਜ਼ਮੀਨ ਹੈ। ਉਹਨਾਂ ਨੇ ਮੈਨੂੰ 13000 ਏਕੜ ਜ਼ਮੀਨ 1000 ਰੂਬਲ ਦੇ ਬਦਲੇ ਦੇ ਦਿੱਤੀ। ਵਪਾਰੀ ਨੇ ਜ਼ਮੀਨ ਦੀ ਖਰੀਦ ਦੇ ਕਾਗਜ਼ਾਤ ਵੀ ਅਮਰ ਨੂੰ ਵਿਖਾਏ। ਵਪਾਰੀ ਨੇ ਹੋਰ ਵੀ ਕਿਹਾ ਕਿ ਜ਼ਮੀਨ ਦਰਿਆ ਦੇ ਕੰਡੇ ਉਪਰ ਹੈ ਅਤੇ ਨਵੀਂ ਔਰ ਬੜੀ ਜਰਖੇਜ਼ ਹੈ।

ਅਮਰ ਨੇ ਵਪਾਰੀ ਉਪਰ ਸੁਆਲਾਂ ਦੀ ਝੜੀ ਲਗਾ ਦਿੱਤੀ ਅਤੇ ਵਪਾਰੀ ਨੇ ਦਸਿਆ ਕਿ, ਜੇ ਤੂੰ ਦੋ ਹਫਤੇ ਆਪਣੇ ਘੋੜੇ ਦੇ ਉਪਰ ਬੈਠ ਕੇ ਲਗਾਤਾਰ ਸਫਰ ਕਰਨ ਨੂੰ ਤਿਆਰ ਹੈਂ ਤਾਂ ਤੂੰ ਅੱਗੇ ਜਾਵੇਂ ਤਾਂ ਉਥੇ ਵੀ ਬਸ਼ਕੀਰਜ ਵਾਲਿਆਂ ਦੀ ਜ਼ਮੀਨ ਹੈ ਜੋ ਕੇ ਕੁਝ ਸੈਂਟਾਂ ਦੇ ਭਾਅ ਨਾਲ ਫੀ ਏਕੜ ਮਿਲ ਸਕਦੀ ਹੈ। ਬਸ਼ਕੀਰਜ ਬੜੇ ਵੱਡੇ ਜ਼ਿੰਮੀਦਾਰ ਹਨ ਅਤੇ

ਲੇਲਿਆਂ ਵਾਂਗੂੰ ਭੋਲੇ ਲੋਕ ਹਨ। ਉਹਨਾਂ ਕੋਲ ਕਈ ਸੂਬਿਆਂ ਦੀ ਜ਼ਮੀਨ ਹੈ।

ਅਮਰ ਨੇ ਸੋਚਿਆ ਕਿ ਉਹ 1000 ਰੂਬਲ ਨਾਲ 1300 ਏਕੜ ਜ਼ਮੀਨ ਕਿਉਂ ਲਵੇ ਜਦੋਂ ਕਿ ਉਹ ਤਾਂ 10 ਗੁਣਾਂ ਜ਼ਿਆਦਾ ਜ਼ਮੀਨ ਖਰੀਦ ਸਕਦਾ ਹੈ ਇਸ 1000 ਰੂਬਲ ਨਾਲ ਜਿਓਂ ਹੀ ਵਪਾਰੀ ਗਿਆ ਅਮਰ ਨੇ ਪਤਾ ਕਰ ਲਿਆ ਕੇ ਉਸ ਜਗਾਹ ਤੇ ਕਿਸ ਤਰ੍ਹਾਂ ਪਹੁੰਚਿਆ ਜਾ ਸਕਦਾ ਹੈ। ਉਸ ਦੀ ਪਤਨੀ ਘਰ ਰਹੀ ਅਤੇ ਅਮਰ ਆਪਣੇ ਇਕ ਬੰਦੇ ਨੂੰ ਨਾਲ ਲੈ ਕੇ ਘੋੜਿਆਂ ਉਪਰ ਚੜ੍ਹ ਕੇ ਚਲ ਪਏ। ਰਸਤੇ ਵਿਚ ਇਕ ਸ਼ਹਿਰ ਉਹ ਠਹਿਰੇ ਅਤੇ ਜੋ ਵੀ ਉਸ ਵਪਾਰੀ ਨੇ ਦਸਿਆ ਸੀ ਖਰੀਦ ਲਿਆ ਜਿਵੇਂ ਕੇ ਵਾਈਨ, ਚਾਹ ਦੀ ਪੇਟੀ, ਗਾਊਨ ਅਤੇ ਦਰੀਆਂ ਆਦਿ। ਉਹ ਹਰ ਰੋਜ਼ ਕਈ ਮੀਲ ਤੈਹ ਕਰ ਲੈਂਦੇ ਅਤੇ ਤਕਰੀਬਨ ਇਕ ਮਹੀਨੇ ਬਾਦ ਉਹ ਨਵੀਂ ਦਸੀ ਜਗਾਹ ਤੇ ਪਹੁੰਚ ਗਏ। ਬਸ਼ਕੀਰਜ ਲੋਕ ਟੈਂਟਾਂ ਵਿਚ ਦਰਿਆ ਦੇ ਕਿਨਾਰੇ ਰਹਿੰਦੇ। ਘੋੜੇ, ਘੋੜੀਆਂ, ਵਛੇਰਿਆਂ ਦੇ ਵਗ ਹਰ ਬਸ਼ਕੀਰਜ ਬਸ਼ਿੰਦੇ ਕੋਲ ਸੀ। ਉਹਨਾਂ ਕੋਲ ਬਹੁਤ ਜਜ਼ਮੀਨ ਸੀ ਕਿ ਗਿਣਤੀ ਵੀ ਨਹੀਂ ਸੀ ਕਦੀ ਉਹਨਾਂ ਕੀਤੀ। ਬਸ਼ਕੀਰਜ ਦਰਿਆਵਾਂ ਦੇ ਕੰਢਿਆਂ ਤੇ ਰੂਸ ਵਿਚ ਉਸ ਸਥਾਨ ਉਪਰ ਜਿਥੇ ਬਹੁਤ ਘਾਹ ਹੁੰਦਾ ਸੀ ਰਹਿੰਦੇ ਸਨ। ਉਹਨਾਂ ਨੇ ਕਦੀ ਜ਼ਮੀਨ ਨਹੀਂ ਸੀ ਵਾਹੀ, ਨਾ ਕਦੀ ਕੁਝ ਬੀਜਿਆ ਸੀ। ਉਹ ਘੋੜੀਆਂ ਦੇ ਦੁੱਧ ਨਾਲ ਗੁਜਾਰਾ ਕਰਦੇ ਸਨ। ਦੁਧ ਦਾ ਪਨੀਰ, ਦੁਧ ਨੂੰ ਫਟਾ ਕਿ ਇਕ ਖਾਸ ਕਿਸਮ ਦਾ ਪੀਣ ਲਈ ਰਸ ਬਣਾਉਂਦੇ, ਦੁਧ ਪੀਂਦੇ, ਦੁਧ ਦੀ ਚਾਹ, ਦੁਧ ਦੀ ਲਸੀ ਅਤੇ ਘਿਉ ਅਤੇ ਹੋਰ ਬਹੁਤ ਕੁਝ ਬਣਾਉਂਦੇ। ਇਹ ਸਭ ਚੀਜ਼ਾਂ ਸੇਹਤ ਲਈ ਬੜੀ ਗੁਣਕਾਰੀਆਂ ਹਨ। ਸਾਰੀਆਂ ਇਹ ਵਸਤਾਂ ਔਰਤਾਂ ਹੀ ਬਣਾਉਂਦੀਆਂ ਆਦਮੀ ਬਸ ਖਾਂਦੇ, ਪੀਂਦੇ ਅਤੇ ਸਾਜ ਵਜਾ ਕੇ ਸੋਹਣੇ ਗੀਤ ਗਾਉਂਦੇ। ਉਹ ਬਹੁਤ ਤਗੜੇ, ਬੇਪ੍ਰਵਾਹ ਅਤੇ ਖੁਸ਼ ਰਹਿੰਦੇ ਸਨ। ਉਹ ਬਹੁਤ ਭੋਲੇ, ਰੂਸੀ ਭਾਸ਼ਾ ਵੀ ਨਹੀਂ ਜਾਣਦੇ ਸਨ ਪਰ ਸੁਭਾਅ ਦੇ ਬਹੁਤ ਚੰਗੇ ਸਨ। ਉਹਨਾਂ ਦੀ ਬੁਧੀ ਤੇ ਅਕਲ ਦਾ ਭਾਰ ਨਹੀਂ ਸੀ। ਜਦੋਂ ਉਹਨਾਂ ਨੇ ਅਮਰ ਨੂੰ ਉਥੇ ਆਇਆਂ ਵੇਖਿਆ ਤਾਂ ਸਾਰੇ ਜਣੇ ਬਾਹਰ ਆ ਕੇ ਨਵੇਂ ਮਹਿਮਾਨ ਦੇ ਦੁਆਲੇ ਖਲੋ ਗਏ। ਉਹਨਾਂ ਦੀ ਭਾਸ਼ਾ ਉਥੋਂ ਦੀ ਸੀ ਤਰਜਮਾਨ ਬੁਲਾਇਆ ਗਿਆ ਜੋ ਕਿ ਅਮਰ ਤੇ ਬਸ਼ਕੀਰਜ ਲੋਕਾਂ ਦੀ ਗਲ ਇਕ ਦੂਸਰੇ ਨੂੰ ਸਮਝਾਉਂਦਾ। ਅਮਰ ਨੇ ਦਸਿਆ ਕੇ ਉਹ ਕੁਝ ਜ਼ਮੀਨ ਬਾਰੇ ਆਇਆ ਹੈ। ਬਸ਼ਕੀਰਜ ਲੋਕ ਅਮਰ ਨੂੰ ਵੇਖ ਕੇ ਬੜੇ ਖੁਸ਼ ਹੋਏ। ਅਮਰ ਵਾਸਤੇ ਉਹਨਾਂ ਨੇ ਨਵਾਂ ਟੈਂਟ ਲਗਾਇਆ ਅਤੇ ਬੜਾ ਸੋਹਣਾ ਬਿਸਤਰਾ ਅਤੇ ਹੋਰ ਵਰਤਨ ਲਈ ਕਈ ਚੀਜ਼ਾਂ ਰਖੀਆਂ। ਉਹ ਅਮਰ ਦੇ ਦੁਆਲੇ ਟੈਂਟ ਵਿਚ ਬੈਠ ਗਏਸ਼ ਉਹਨਾਂ ਨੇ ਫਿਰ ਇਕ ਬੜੀ ਵਡੀ ਭੇਡ ਕਟੀ। ਅਮਰ ਨਾਲ ਚਾਹ, ਮਟਨ ਅਤੇ ਹੋਰ ਕਈ ਖਾਣ ਵਾਲੀਆਂ ਚੀਜ਼ਾਂ ਖਾਦੀਆਂ। ਅਮਰ ਨੇ ਬਸ਼ਕੀਰਜ ਵਾਸਤੇ ਲਿਆਂਦੇ ਤੋਹਫੇ ਉਹਨਾਂ ਵਿਚ ਵੰਡੇ। ਬਸ਼ਕੀਰਜ ਲੋਕ ਬੜੇ ਖੁਸ਼ ਹੋਏ। ਤਰਜਮਾਨ ਨੇ ਕਿਹਾ ਕੇ ਬਸ਼ਕੀਰਜ ਲੋਕ ਕਹਿ ਰਹੇ ਹਨ ਕੇ ਅਮਰ ਨੂੰ ਉਹਨਾਂ ਨੇ ਬਹੁਤ ਪਸੰਦ ਕੀਤਾ ਹੈ ਅਤੇ ਜੀ-ਆਇਆਂ ਕਹਿੰਦੇ ਹਨ। ਬਸ਼ਕੀਰਜ ਲੋਕਾਂ ਨੇ ਕਿਹਾ ਕਿ ਸਾਡਾ ਵੀ ਰਿਵਾਜ਼ ਹੈ ਕਿ ਉਹ ਵੀ ਤੋਹਫੇ ਵਜੋਂ ਅਮਰ ਨੂੰ ਕੁਝ ਦੇਣਾ ਚਾਹੁੰਦੇ ਹਨ ਜੋ ਉਹਨਾਂ ਕੋਲ ਹੈ ਅਤੇ ਅਮਰ ਨੂੰ ਸਭ ਤੋਂ ਚੰਗਾ ਲਗਦਾ ਹੈ।

ਅਮਰ ਨੇ ਕਿਹਾ ਸਭ ਤੋਂ ਚੰਗੀ ਮੈਨੂੰ ਤੁਹਾਡੀ ਜ਼ਮੀਨ ਲਗੀ ਹੈ। ਸਾਡੇ ਕੋਲ ਜ਼ਮੀਨ ਘਟ ਹੈ ਪਰ ਤੁਹਾਡੇ ਕੋਲ ਬਹੁਤ ਹੈ। ਸਾਡੀ ਜ਼ਮੀਨ ਇੰਨੀ ਉਪਜਾਊ ਵੀ ਨਹੀਂ ਰਹੀ ਹੁਣ। ਮੈਂ ਇਥੇ ਵਰਗੀ ਜ਼ਮੀਨ ਕਿਧਰੇ ਨਹੀਂ ਵੇਖੀ ਹੈ।

ਬਸ਼ਕੀਰਜ ਲੋਕਾਂ ਨੇ ਆਪਸ ਵਿਚ ਗੱਲ ਬਾਤ ਕੀਤੀ ਜੋ ਅਮਰ ਨੂੰ ਸਮਝ ਨਹੀਂ ਆਈ । ਬਸ਼ਕੀਰਜ ਲੋਕ ਬੜੇ ਹਸੇ ਵੀ। ਤਰਜਮਾਨ ਨੇ ਕਿਹਾ ਕੇ ਬਸ਼ਕੀਰਜ ਲੋਕਾਂ ਨੇ ਕਿਹਾ ਹੈ ਕੇ ਜਿੰਨੀ ਜ਼ਮੀਨ ਅਮਰ ਕਹੇ ਲੈ ਸਕਦਾ ਹੈ; ਬਸ ਜ਼ਮੀਨ ਵਲ ਬਾਂਹ ਨਾਲ ਇਸ਼ਾਰਾ ਕਰ ਕੇ ਦਸ ਦੇਵੇ ਇਥੋਂ ਤਕ ਚਾਹੀਦੀ ਹੈ ਅਤੇ ਉਹ ਜ਼ਮੀਨ ਉਹਦੀ ਹੋਈ। ਫਿਰ ਥੋੜ੍ਹਾ ਰੌਲਾ ਪਿਆ। ਤਰਜਮਾਨ ਨੇ ਕਿਹਾ ਬਸ਼ਕੀਰਜ ਲੋਕ ਕਹਿ ਰਹੇ ਹਨ ਕੇ ਪਹਿਲਾਂ ਉਹ ਆਪਣੇ ਚੀਫ ਨਾਲ ਗੱਲ ਤੇ ਕਰ ਲੈਣ ਅਤੇ ਕੁਝ ਲੋਕ ਕਹਿ ਰਹੇ ਹਨ ਕੇ ਗੱਲ ਕਰਨ ਦੀ ਕੀ ਲੋੜ ਹੈ ਬਸ ਇਸ ਗੱਲ ਤੇ ਬਹਿਸ ਹੋ ਰਹੀ ਹੈ।

ਜਦੋਂ ਬਸ਼ਕੀਰਜ ਲੋਕ ਬਹਿਸ ਰਹੇ ਸਨ ਤਾਂ ਲੂੰਮੜੀ ਦੀ ਫਰ ਦਾ ਵੱਡਾ ਕੋਟ ਪਾਈ ਇਕ ਉਚਾ ਆਦਮੀ ਆ ਪਹੁੰਚਿਆ ਸਾਰੇ ਬਸ਼ਕੀਰਜ ਚੁਪ ਹੋ ਗਏ ਅਤੇ ਉਹਨਾਂ ਨੇ ਉਠ ਕੇ ਉਸ ਦਾ ਸੁਆਗਤ ਕੀਤਾ। ਤਰਜਮਾਨ ਨੇ ਕਿਹਾ ਇਹ ਹੀ ਸਾਡਾ ਚੀਫ ਹੈ।

ਅਮਰ ਨੇ ਇਕ ਦਮ ਸਭ ਤੋਂ ਚੰਗਾ ਗਾਊਨ ਕਢਿਆ ਅਤੇ ਪੰਜ ਪੌਂਡ ਚਾਹ ਵੀ ਅਤੇ ਚੀਫ ਨੂੰ ਤੋਹਫੇ ਵਜੋਂ ਭੇਟ ਕੀਤੇ ਅਤੇ ਚੀਫ ਇਕ ਉਚੀ ਜਗਾਹ ਤੇ ਬੈਠ ਗਿਆ ਬਸ਼ਕੀਰਜ ਲੋਕਾਂ ਨੇ ਚੀਫ ਨੂੰ ਅਮਰ ਨਾਲ ਸਭ ਗਲਾਂ ਕੀਤੀਆਂ ਬਾਰੇ ਦਸਿਆ।

ਚੀਫ ਨੇ ਕਿਹਾ, ਹਾਂ, ਠੀਕ ਹੈ ਜਿਹੜੀ ਵੀ ਜ਼ਮੀਨ ਅਮਰ ਚਾਹੇ ਚੁਣ ਸਕਦਾ ਹੈ। ਸਾਡੇ ਕੋਲ ਬਹੁਤ ਜ਼ਮੀਨ ਹੈ।

ਅਮਰ ਨੇ ਸੋਚਿਆ ਕਿ, ਮੈਂ ਆਪੇ ਜ਼ਮੀਨ ਕਿਸ ਤਰ੍ਹਾਂ ਲੈ ਸਕਦਾ ਹਾਂ। ਹੁਣ ਇਹ ਲੋਕ ਕਹਿ ਦਿੰਦੇ ਹਨ ਲੈ ਲੈ ਇਹ ਜ਼ਮੀਨ ਤੇਰੀ ਹੋਈ ਅਤੇ ਕੀ ਪਤਾ ਬਾਦ ਵਿਚ ਕਦੀ ਕਹਿਣ ਕਿ ਇਹ ਤੇਰੀ ਜ਼ਮੀਨ ਨਹੀਂ ਹੈ। ਲਿਖਤ ਪੜ੍ਹਤ ਤੇ ਹੋਣੀ ਚਾਹੀਦੀ ਹੈ।

ਇਸ ਸੋਚ ਬਾਦ ਅਮਰ ਨੇ ਚੀਫ ਦਾ ਧੰਨਵਾਦ ਕੀਤਾ ਤੇ ਉਸ ਨੇ ਕਿਹਾ ਹੈ ਕਿ ਜਿੰਨੀ ਜ਼ਮੀਨ ਚਾਹੇ ਮੈਂ ਲੈ ਸਕਦਾ ਹਾਂ। ਅਮਰ ਨੇ ਕਿਹਾ ਕਿ, ਤੁਹਾਡੇ ਕੋਲ ਇਥੇ ਬਹੁਤ, ਬਹੁਤ ਜ਼ਮੀਨ ਹੈ ਪਰ ਮੈਨੂੰ ਵੀ ਪਤਾ ਹੋਣਾ ਚਾਹੀਦਾ ਹੈ ਕਿ ਮੇਰੀ ਜ਼ਮੀਨ ਦੀਆਂ ਹੱਦਾਂ ਬੰਨੇ ਕਿਹੜੇ ਹਨ। ਕੀ ਜਮੀਨ ਮਿਣ ਕੇ ਮੈਨੂੰ ਨਹੀਂ ਦਿੱਤੀ ਜਾ ਸਕਦੀ? ਜ਼ਿੰਦਗੀ ਅਤੇ ਮੌਤ ਤੇ ਉਪਰ ਵਾਲੇ ਦੇ ਹੱਥ ਹੈ। ਤੁਸੀਂ ਇੰਨੇ ਚੰਗੇ ਲੋਕ ਹੋ ਜੋ ਮੈਨੂੰ ਜ਼ਮੀਨ ਦੇ ਰਹੇ ਹੋ। ਕੱਲ੍ਹ ਕੀ ਪਤਾ ਤੁਹਾਡੇ ਬੱਚੇ ਹੋ ਸਕਦਾ ਹੈ ਕਿ ਮੇਰੇ ਕੋਲੂੰ ਜ਼ਮੀਨ ਵਾਪਸ ਲੈ ਲੈਣ।

ਚੀਫ ਨੇ ਕਿਹਾ, ਅਮਰ ਤੂੰ ਬਿਲਕੁਲ ਠੀਕ ਕਹਿ ਰਿਹਾ ਹੈਂ। ਮੈ ਤੇਰੀ ਗਲ ਸਮਝ ਗਿਆ ਹਾਂ।

ਅਮਰ ਨੇ ਕਿਹਾ ਲਿਖਤ ਪੜ੍ਹਤ ਕਰਨ ਵਾਲਾ ਮੈਂ ਸੁਣਿਆ ਹੈ ਇਥੇ ਹੀ ਹੈ। ਤੁਸੀਂ ਉਸ ਨੂੰ ਕੁਝ ਜ਼ਮੀਨ ਦਿੱਤੀ ਸੀ ਤੇ ਲਿਖਤ ਪੜ੍ਹਤ ਕਰ ਲਈ ਸੀ ਇਸੇ ਤਰ੍ਹਾਂ ਦੀ ਲਿਖਤ ਪੜ੍ਹਤ ਮੈਨੂੰ ਵੀ ਕਰ ਦਿਓ।

ਚੀਫ ਨੇ ਅਮਰ ਨੂੰ ਕਿਹਾ, ਠੀਕ ਹੈ ਅਸੀਂ ਲਿਖਤ ਪੜ੍ਹਤ ਕਰਕੇ ਸ਼ਹਿਰ ਵੀ ਜਾਵਾਂਗੇ ਅਤੇ ਪੱਕੀ ਰਜਿਸਟਰੀ ਵੀ ਕਰਾਂ ਦਿਆਂਗੇ ਤੇਰੇ

ਨਾਮ ਦੀ।

ਅਮਰ ਨੇ ਕਿਹਾ, ਪਰ ਚੀਫ ਸਾਹਿਬ ਜੀ ਜ਼ਮੀਨ ਦੀ ਕੀ ਕੀਮਤ ਹੋਵੇਗੀ?

ਚੀਫ ਨੇ ਕਿਹਾ ਸਾਡੀ ਇਕੋ ਹੀ ਕੀਮਤ ਰਹਿੰਦੀ ਹੈ ਉਹ ਹੈ ਦਿਹਾੜੀ ਦੇ 1000 ਰੂਬਲ।

ਅਮਰ ਨੂੰ ਸਮਝ ਨਾ ਲਗੀ ਉਹ ਹੈਰਾਨ ਹੋ ਗਿਆ। ਉਸ ਨੇ ਕਿਹਾ, ਇਕ ਦਿਨ 1000 ਰੂਬਲ ਇਹ ਕਿਹੜੀ ਜ਼ਮੀਨ ਦੀ ਗਿਣਤੀ ਹੈ? ਇਹ ਕਿੰਨੇ ਏਕੜ ਹੁੰਦੇ ਹਨ?

ਚੀਫ ਨੇ ਹਸ ਕੇ ਕਿਹਾ ਕਿ, ਇਕ ਦਿਨ ਵਿਚ ਜਿੰਨੀ ਜ਼ਮੀਨ ਦੇ ਦੁਆਲੇ ਤੂੰ ਚਲ ਕੇ ਚੱਕਰ ਕੱਟ ਲਵੇ ਉਹ ਤੇਰੀ ਹੋਈ।

ਅਮਰ ਨੇ ਕਿਹਾ ਕਿ, ਇਕ ਦਿਨ ਵਿਚ ਤਾਂ ਉਹ ਬਹੁਤ ਜ਼ਮੀਨ ਦੇ ਦੁਆਲੇ ਚੱਕਰ ਕੱਟ ਸਕਦਾ ਹੈ।

ਚੀਫ ਹੱਸਿਆ, ਬਸ ਉਹ ਤੇਰੀ ਹੋ ਗਈ ਪਰ ਇਕ ਸ਼ਰਤ ਹੈ ਸਾਡੀ ਕਿ ਜੇ ਤੂੰ ਉਸੇ ਦਿਨ ਸ਼ਾਮ ਨੂੰ ਨਾ ਵਾਪਸ ਆਇਆ ਉਸੇ ਜਗਾ ਤੇ ਜਿਥੋਂ ਤੂੰ ਸਵੇਰੇ ਚਲਿਆ ਸੀ ਤਾਂ ਤੇਰਾ 1000 ਰੂਬਲ ਗਿਆ।

ਅਮਰ ਬੋਲਿਆ ਪਰ ਮੈਂ ਕਿਧਰ ਕਿਧਰ ਤੋਂ ਲੰਘਿਆ ਉਹ ਚਕਰ, ਮੇਰਾ ਰਸਤਾ, ਮੈਂ ਕਿਸ ਤਰ੍ਹਾਂ ਉਸ ਤੇ ਨਿਸ਼ਾਨੀਆਂ ਲਾ ਸਕਾਂਗਾ। ਚੀਫ ਨੇ ਕਿਹਾ, ਅਮਰ ਤੂੰ ਛੋਟੀ ਕਹੀ ਨਾਲ ਲੈ ਜਾ ਅਤੇ ਜਿਧਰ ਵੀ ਜਾਵੇਂ ਕਹੀ ਨਾਲ ਜਿੰਨੀ ਮਰਜੀ ਵਿਥ ਤੇ ਨਿਸ਼ਾਨ ਲਗਾਦਾਂ ਜਾਵੀਂ ਅਤੇ ਹਰ ਜਗਾਹ ਜਿਥੋਂ ਤੂੰ ਘੁੰਮੇਗਾ ਉਥੇ ਕੋਈ ਲਕੜ ਗਡ ਦੇਈ। ਜਦੋਂ ਤੂੰ ਵਾਪਸ ਆ ਗਿਆ ਅਸੀਂ ਹਲ ਨਾਲ ਸਾਰੇ ਰਸਤੇ ਉਪਰ ਛੋਟੀ ਖਾਈ ਬਣਾ ਦਿਆਂਗੇ ਅਤੇ ਉਸ ਘੇਰੇ ਵਿਚ ਆਈ ਜ਼ਮੀਨ ਸਾਰੀ ਤੇਰੀ ਹੋਵੇਗੀ। ਪਰ ਯਾਦ ਰੱਖੀ ਸੂਰਜ ਡੁਬਣ ਤੋਂ ਪਹਿਲਾਂ ਜਿਥੋਂ ਚਲਿਆ ਸੀ ਉਥੇ ਵਾਪਸ ਪਹੁੰਚ ਜਾਈ।

ਅਮਰ ਖੁਸ਼ ਸੀ। ਸਾਰਿਆ ਨੇ ਘੋੜੀਆਂ ਦਾ ਦੁਧ ਪੀਤਾ, ਚਾਹ ਪੀਤੀ, ਮਟਨ ਖਾਦਾ ਅਤੇ ਫਿਰ ਚਾਹ ਪੀਤੀ ਅਤੇ ਸਵੇਰੇ ਸੂਰਜ ਚੜ੍ਹਣ ਤੋ ਪਹਿਲਾਂ ਸਾਰੇ ਜਣੇ ਤੈਹ ਕੀਤੇ ਇਕ ਜਗਾਹ ਜੋ ਕਾਫੀ ਉਚੀ ਸੀ ਤੇ ਇਕੱਠੇ ਹੋਣਗੇ ਅਤੇ ਫਿਰ ਆਪਣੇ ਟੈਂਟਾਂ ਵਿਚ ਸੌ ਗਏ ਅਮਰ ਦਾ ਗਦਾ ਬਹੁਤ ਪੋਲਾ ਪੰਛੀਆਂ ਦੇ ਖੰਬਾਂ ਨਾਲ ਭਰਿਆ ਸੀ, ਪਰ ਫਿਰ ਵੀ ਸੌਂ ਨਾ ਸਕਿਆ। ਉਹ ਜਮੀਨ ਬਾਰੇ ਸੋਚਦਾ ਰਿਹਾ। ਵਿਚ ਵਿਚ ਔਂਘਦਾ ਰਿਹਾ। ਸਵੇਰ ਚੜ੍ਹਣ ਤੋਂ ਪਹਿਲਾਂ ਉਸ ਦੀ ਅੱਖ ਲੱਗੀ ਤਾਂ ਉਸ ਨੂੰ ਇਕ ਸੁਪਨਾ ਆਇਆ। ਅਮਰ ਨੇ ਸੁਪਨੇ ਵਿਚ ਚੀਫ ਨੂੰ ਆਪਣੇ ਟੈਂਟ ਦੇ ਬਾਹਰ ਬਹੁਤ ਹਸਦਾ ਵੇਖਿਆ। ਅਮਰ ਚੀਫ ਕੋਲ ਗਿਆ ਅਤੇ ਉਸ ਨੇ ਪੁਛਿਆ, ਤੁਸੀਂ ਕਿਉਂ ਹਸ ਰਹੇ ਹੋ? ਪਰ ਉਹ ਚੀਫ ਨਹੀਂ ਸੀ, ਉਹ ਤਾਂ ਵਪਾਰੀ ਸੀ ਅਤੇ ਵਪਾਰੀ ਵੀ ਨਹੀਂ ਸੀ ਉਹ ਤੇ ਰਾਹੀ ਸੀ ਜੋ ਅਮਰ ਦੇ ਘਰ ਇਕ ਰਾਤ ਠਹਿਰਿਆ ਸੀ ਪਰ ਫਿਰ ਉਹੀ ਰਾਹੀ ਉਸ ਨੂੰ ਸ਼ੈਤਾਨ ਨਜ਼ਰ ਆਇਆ ਜਿਸ ਦੇ ਖੁਰ ਅਤੇ ਸਿੰਗ ਸਨ। ਕੋਲ ਇਕ ਆਦਮੀ ਲੇਟਿਆ ਪਿਆ ਹੈ ਨੰਗੇ ਪੈਰੀਂ ਅਤੇ ਉਸ ਨੇ ਸਿਰਫ ਪੈਂਟ ਅਤੇ ਕਮੀਜਜ਼ ਹੀ ਪਾਈ ਹੋਈ ਹੈ।

ਅਮਰ ਨੇ ਸੁਪਨੇ ਵਿਚ ਉਸ ਲੇਟੇ ਹੋਏ ਆਦਮੀ ਵਲ ਬੜੇ ਗੌਰ ਨਾਲ ਵੇਖਿਆ। ਉਹ ਆਦਮੀ ਤਾਂ ਮਰਿਆ ਹੋਇਆ ਸੀ ਅਤੇ ਉਹ ਆਪ ਖੁਦ ਸੀ। ਅਮਰ ਸੁਪਨੇ ਤੋਂ ਬੜੇ ਡਰ ਨਾਲ ਨੀਂਦ ਵਿਚੋ ਉਠਿਆ। ਉਸ ਨੇ ਸੋਚਿਆ, ਇਹ ਸੁਪਨਾ ਕੀ ਗਲ ਦਰਸਾ ਰਿਹਾ ਹੈ?

ਉਸ ਨੇ ਵੇਖਿਆ ਟੈਂਟ ਦਾ ਦਰਵਾਜ਼ਾ ਖੁਲ੍ਹਾ ਹੈ ਅਤੇ ਸਵੇਰ ਹੋਣ ਤੇ ਆਈ ਹੈ ਉਸ ਨੇ ਸੋਚਿਆ, ਉਠਣ ਦਾ ਵੇਲਾ ਹੈ; ਮੈਂ ਜ਼ਮੀਨ ਦੇ ਦੁਆਲੇ ਚਕਰ ਲਗਾਉਣਾ ਹੈ। ਉਹ ਬਸ਼ਕੀਰਜ ਲੋਕਾਂ ਵਲ ਗਿਆ ਉਸ ਨੇ ਕਿਹਾ, ਮਿਤਰੋ ! ਵੇਲਾ ਹੋ ਗਿਆ ਹੈ ਮੇਰੇ ਚਕਰ ਲਗਾਉਣ ਦਾ, ਚਲੋ ਉਠੋ।

ਬਸ਼ਕੀਰਜ ਉਠੇ, ਉਹ ਇਕ ਉਚੀ ਜਗਾਹ ਇਕੱਠੇ ਹੋਏ ਅਤੇ ਚੀਫ ਵੀ ਆ ਪਹੁੰਚਿਆ। ਉਹਨਾਂ ਸਾਰਿਆਂ ਨੇ ਘੋੜੀਆਂ ਦਾ ਦੁਧ ਪੀਤਾ ਅਤੇ ਅਮਰ ਨੂੰ ਚਾਹ ਦਿੱਤੀ ਪਰ ਅਮਰ ਇੰਤਜ਼ਾਰ ਨਹੀਂ ਕਰਨਾ ਚਾਹੁੰਦਾ ਸੀ। ਸਾਰੇ ਬਸ਼ਕੀਰਜ ਚਲ ਪਏ ਕੁਝ ਪੈਦਲ ਕੁਝ ਘੋੜਿਆਂ ਉਪਰ ਅਤੇ ਫਿਰ ਉਸ ਉਚੀ ਜਗਾਹ ਤੇ ਆ ਪਹੁੰਚੇ ਜਿਥੋਂ ਅਮਰ ਨੇ ਚੱਕਰ ਸ਼ੁਰੂ ਕਰਨਾ ਸੀ। ਚੀਫ ਅਮਰ ਕੋਲ ਆਇਆ ਅਤੇ ਆਪਣੀ ਬਾਂਹ ਹਿਲਾਅ ਕੇ ਅਮਰ ਨੂੰ ਉਸ ਨੇ ਕਿਹਾ, ਦੇਖ ਜ਼ਮੀਨ ਕਿੰਨੀ ਪੱਧਰੀ ਹੈ ਹਥੇਲੀ ਵਾਂਗੂੰ। ਜਿਥੇ ਤੱਕ ਨਜ਼ਰ ਜਾਂਦੀ ਹੈ ਸਭ ਸਾਡੀ ਹੀ ਜ਼ਮੀਨ ਹੈ। ਜਿਹੜਾ ਹਿਸਾ ਵੀ ਤੂੰ ਲੈਣਾ ਚਾਹੁੰਦਾ ਹੈ ਉਹ ਲੈ ਲੈ। ਅਮਰ ਦੀਆਂ ਅਖਾਂ ਝਿਲਮਿਲਾਈਆਂ; ਜ਼ਮੀਨ ਨਵੀਂ ਸੀ, ਹਥੇਲੀ ਵਾਂਗ ਪਲੇਨ, ਕਾਲੇ ਰੰਗ ਦੀ ਸੀ ਬਹੁਤ ਜਰਖੇਜ਼।

ਚੀਫ ਨੇ ਲੂੰਮੜੀ ਦੇ ਬਣੇ ਫਰ ਵਾਲੀ ਆਪਣੀ ਟੋਪੀ ਥਲੇ ਜ਼ਮੀਨ ਤੇ ਰਖੀ ਅਤੇ ਕਿਹਾ, ਇਹ ਟੋਪੀ ਹੀ ਨੁਕਤਾ ਹੈ; ਇਥੋਂ ਚਕਰ ਸ਼ੁਰੂ ਹੋਵੇਗਾ ਅਤੇ ਇਥੇ ਹੀ ਵਾਪਸ ਆ ਕੇ ਚਕਰ ਖਤਮ ਹੋਵੇਗਾ। ਜਿੰਨੀ ਜ਼ਮੀਨ ਦੁਆਲੇ ਤੂੰ ਚਕਰ ਲਗਾ ਕੇ ਆ ਜਾਵੇਗਾ ਉਹ ਸਭ ਤੇਰੀ ਹੋਵੇਗੀ।

ਅਮਰ ਨੇ ਆਪਣੇ ਕੋਟ ਵਿਚੋ 1000 ਰੂਬਲ ਕਢੇ ਅਤੇ ਟੋਪੀ ਉਪਰ ਰੱਖ ਦਿੱਤੇ। ਫਿਰ ਉਸ ਨੇ ਬਾਹਰਲਾ ਕੋਟ ਉਤਾਰਿਆ ਅਤੇ ਥਲੇ ਅਧੀਆਂ ਬਾਂਹਾ ਵਾਲਾ ਕੋਟ ਰਹਿਣ ਦਿਤਾ, ਪੇਟੀ ਨੂੰ ਥੋੜਾ ਕਸ ਲਿਆ ਅਤੇ ਫਿਰ ਪਾਣੀ ਦੀ ਬੋਤਲ ਪੇਟੀ ਨਾਲ ਬੰਨ ਲਈ, ਕੁਝ ਬਰੈਂਡ ਦੇ ਟੁਕੜੇ ਕੋਟ ਦੀ ਜੇਬ ਵਿਚ ਪਾ ਲਏ, ਬੂਟਾਂ ਦੇ ਤਸਮੇ ਕਸ ਲਏ, ਛੋਟੀ ਕਹੀ ਪਕੜ ਲਈ ਅਤੇ ਚਲਣ ਲਈ ਸਿੱਧਾ ਖਲੋ ਗਿਆ। ਉਸ ਨੇ ਸੂਰਜ ਚੜ੍ਹਣ ਵਾਲਾ ਪਾਸਾ ਚੁਣਿਆ। ਚੱਕਰ ਸ਼ੁਰੂ ਕਰਨ ਲਈ ਸੂਰਜ ਨਿਕਲਣ ਦੀ ਉਡੀਕ ਕੀਤੀ ਅਤੇ ਮਸਾਂ ਪਹਿਲੀਆਂ ਕਿਰਨਾਂ ਹੀ ਆਈਆਂ ਹੋਣਗੀਆ ਕੇ ਅਮਰ ਚਲ ਪਿਆ।

ਅਮਰ ਨਾ ਹੌਲੀ ਸੀ ਨਾ ਤੇਜ। 1000 ਗਜ ਚਲਣ ਦੇ ਬਾਦ ਉਸ ਨੇ ਕਹੀ ਨਾਲ ਟਕ ਲਗਾਇਆ ਅਤੇ ਦੂਸਰੇ 1000 ਗਜ ਬਾਦ ਇਕ ਲਕੜੀ ਗਡ ਦਿਤੀ। ਅਮਰ ਨੇ ਮੁੜ ਕੇ ਵੇਖਿਆ ਅਤੇ ਅੰਦਾਜਾ ਲਗਾਇਆ ਕੇ ਉਹ ਤਿੰਨ ਮੀਲ ਚਲ ਚੁੱਕਾ ਸੀ। ਬਸ਼ਕੀਰਜ ਦੂਰ ਖਲੋਤੇ ਉਨ੍ਹਾਂ ਨੇ ਵੇਖਿਆ ਸੂਰਜ ਉਪਰ ਆਉਣ ਨਾਲ ਥੋੜ੍ਹੀ ਗਰਮੀ ਸ਼ੁਰੂ ਹੋ ਗਈ। ਨਾਸ਼ਤੇ ਦਾ ਵਕਤ ਸੀ। ਉਸ ਨੇ ਥਲੇ ਵਾਲਾ ਕੋਟ ਉਤਾਰ ਕੇ ਮੋਡਿਆਂ ਤੇ ਰਖ ਲਿਆ ਅਤੇ ਫਿਰ ਚਲ ਪਿਆ। ਚੌਥਾ ਹਿਸਾ ਦਿਨ ਦਾ ਨਿਕਲ ਗਿਆ ਸੀ ਅਤੇ ਅਮਰ ਨੇ ਸੋਚਿਆ ਕਿ, ਅਜੇ ਵਾਪਸ ਮੁੜਣ ਦਾ ਵੇਲਾ ਨਹੀਂ ਹੋਇਆ ਅਜੇ ਉਸ ਨੇ ਹੋਰ ਦੂਰ ਜਾਣਾ ਹੈ। ਪਰ ਬੂਟ ਉਸ ਨੇ ਕਿਹਾ ਲਾਹ ਲਵਾਂ।

ਉਹ ਬੈਠ ਗਿਆ, ਬੂਟ ਲਾਹੇ ਅਤੇ ਉਹਨਾਂ ਨੂੰ ਪੇਟੀ ਨਾਲ ਬੰਨ ਲਏ ਅਤੇ ਚਲ ਪਿਆ। ਹੁਣ ਚਲਣਾ ਸੁਖਾਲਾ ਹੋ ਗਿਆ।

ਉਸ ਨੇ ਕਿਹਾ, ਮੈਂ ਤਿੰਨ ਮੀਲ ਹੋਰ ਜਾਵਾਂਗਾ ਅਤੇ ਫਿਰ ਖਬੇ ਵਲ ਮੁੜਾਂਗਾ। ਜ਼ਮੀਨ ਬੜੀ ਚੰਗੀ ਹੈ; ਇਸ ਨੂੰ ਛੱਡਣਾ ਗੁਨਾਹ ਹੈ। ਜਿੰਨਾਂ ਉਹ ਅਗੇ ਜਾਂਦਾ ਜ਼ਮੀਨ ਹੋਰ ਜਰਖੇਜ਼ ਦਿਸਦੀ। ਉਸ ਨੇ ਪਿਛੇ ਮੁੜ ਕੇ ਵੇਖਿਆ; ਬਸ਼ਕੀਰਜ ਲੋਕ ਦੂਰ ਕੀੜੀਆਂ ਵਰਗੇਂ ਨਜ਼ਰ ਆ ਰਹੇ ਸਨ। ਸੂਰਜ ਚਮਕ ਰਿਹਾ ਸੀ। ਉਸ ਨੇ ਸੋਚਿਆ ਉਹ ਕਾਫੀ ਦੂਰ ਆ ਗਿਆ ਹੈ ਪਿਆਸ ਲੱਗੀ ਸੀ ਅਤੇ ਪਿੰਡੇ ਤੇ ਮੁੜ੍ਹਕਾ ਸੀ। ਉਹ ਰੁਕ ਗਿਆ, ਇਕ ਡੂੰਘਾ ਟੋਇਆ ਕਢਿਆ ਅਤੇ ਅਤੇ ਲੱਕੜੀ ਦਾ ਟੁਕੜਾ ਗੱਡ ਦਿਤਾ। ਉਸ ਨੇ ਥਰਮੋਸ ਵਿਚੋਂ ਪਾਣੀ ਪੀਤਾ ਅਤੇ ਫਿਰ ਖਬੇ ਵਲ ਮੁੜਿਆ; ਅੱਗੇ ਅੱਗੇ ਚਲਦਾ ਗਿਆ; ਘਾਹ ਕਾਫੀ ਉਚਾ ਸੀ ਅਤੇ ਗਰਮੀ ਵੀ ਬਹੁਤ ਹੋ ਗਈ ਸੀ। ਉਸ ਨੇ ਥਕਨਾ ਮਹਿਸੂਸ ਕੀਤਾ। ਦੁਪੈਹਰ ਹੋ ਗਈ ਸੀ। ਉਸ ਨੇ ਸੋਚਿਆ ਕਿ ਥੋੜ੍ਹਾ ਆਰਾਮ ਕਰ ਲਵੇ। ਉਸ ਨੇ ਬੈਠ ਕੇ ਬਰੈਡ ਖਾਧੀ ਪਰ ਲੇਟਿਆ ਨਾ ਮਤੇ ਨੀਂਦਰ ਆ ਜਾਵੇ। ਥੋੜ੍ਹੀ ਦੇਰ ਬੈਠ ਕੇ ਚਲ ਪਿਆ ਪਰ ਗਰਮੀ ਹੋਰ ਵਧ ਗਈ ਸੀ ਅਤੇ ਉਸ ਨੇ ਨੀਂਦਰਾਪਣ ਮਹਿਸੂਸ ਕੀਤਾ ਪਰ ਉਹ ਚਲਦਾ ਰਿਹਾ ਇਹ ਸੋਚ ਕੇ ਇਕ ਘੰਟੇ ਦੀ ਤਕਲੀਫ ਪਰ ਸਾਰੀ ਜ਼ਿੰਦਗੀ ਤਾਂ ਸੁਖਾਲੀ ਲੰਘੇਗੀ। ਇਸ ਪਾਸੇ ਵਲ ਉਹ ਕਾਫੀ ਆ ਚੁੱਕਾ ਸੀ। ਉਸ ਨੇ ਉਥੇ ਇਕ ਹੋਰ ਲੱਕੜ ਗੱਡ ਦਿੱਤੀ। ਉਸ ਨੇ ਮੁੜ ਕੇ ਪਿਛੇ ਦੇਖਿਆ ਪਰ ਬਸ਼ਕੀਰਜ ਲੋਕ ਖੜ੍ਹੇ ਨਜ਼ਰ ਨਹੀਂ ਸਨ ਆ ਰਹੇ। ਉਸ ਪਾਸੇ ਵਲ ਉਹ ਬਹੁਤ ਦੂਰ ਆ ਗਿਆ ਸੀ।

ਉਸ ਨੇ ਸੋਚਿਆ ਕੇ ਸਾਰੇ ਪਾਸੇ ਦੀਆਂ ਸਾਈਡਾਂ ਉਸ ਨੇ ਕਾਫੀ ਲੰਬੀਆ ਤੈਹ ਕਰ ਲਈਆਂ ਹਨ ਪਰ ਸੁਕੇਅਰ ਦੀ ਚੌਥੀ ਸਾਈਡ ਛੋਟੀ ਹੀ ਰਖੇਗਾ ਕਿਉਂਕਿ ਦਸ ਮੀਲ ਰਸਤਾ ਹੈ ਵਾਪਸ ਟੋਪੀ ਕੋਲ ਜਾਣ ਲਈ ਅਤੇ ਦਿਨ ਅਧ ਤੋਂ ਅਗੇ ਨਿਕਲ ਗਿਆ ਹੈ। ਫਿਰ ਉਸ ਨੇ ਕਿਹਾ ਕੇ ਨਹੀਂ ਉਹ ਚੌਥੀ ਸਾਈਡ ਵੀ ਪੂਰੀ ਕਰੇਗਾ ਕਿਉਂ ਜ਼ਮੀਨ ਦੀ ਸ਼ਕਲ ਟੇਡੀ ਰਖੇ। ਉਸ ਨੇ ਚੌਥੀ ਸਾਈਡ ਵੀ ਪੂਰੀ ਕੀਤੀ ਅਤੇ ਉਥੇ ਇਕ ਲਕੜੀ ਦਾ ਟੁਕੜਾ ਗੱਡ ਦਿੱਤਾ।

ਅਮਰ ਵਾਪਸ ਵਲ ਚਲ ਪਿਆ ਪਰ ਚਲਣਾ ਮੁਸ਼ਕਿਲ ਲੱਗ ਰਿਹਾ ਸੀ। ਉਸ ਦੇ ਨੰਗੇ ਪੈਰਾਂ ਤੇ ਝਰੀਟਾਂ ਪੈ ਗਈਆਂ ਸਨ; ਉਸ ਦੀਆਂ ਲੱਤਾਂ ਸਾਥ ਨਹੀਂ ਦੇ ਰਹੀਆਂ ਸਨ ਪਰ ਉਹ ਆਰਾਮ ਨਹੀਂ ਸੀ ਕਰ ਸਕਦਾ ਕਿਉਂਕਿ ਸੂਰਜ ਥਲੇ ਵਲ ਜਾ ਰਿਹਾ ਸੀ; ਸੂਰਜ ਕਿਸੇ ਦੀ ਉਡੀਕ ਨਹੀਂ ਕਰਦਾ ਅਤੇ ਹੋਰ ਥਲੇ ਵਲ ਜਾ ਰਿਹਾ ਸੀ ਤਾਂ ਕੀ ਜੇ ਮੈਂ ਲੇਟ ਹੋ ਗਿਆ ਹਾਂ? ਉਹ ਚਲਦਾ ਗਿਆ ਪਰ ਰਸਤਾ ਅਜੇ ਦੂਰ ਸੀ ਉਸ ਨੇ ਦੌੜ ਲਗਾਣੀ ਸ਼ੁਰੂ ਕਰ ਦਿੱਤੀ; ਕੋਟ ਸੁਟ ਦਿਤਾ, ਥਰਮੋਸ ਸੁਟ ਦਿੱਤੀ, ਬੂਟ ਸੁਟ ਦਿਤੇ, ਟੋਪੀ ਸੁੱਟ ਦਿੱਤੀ ਪਰ ਕਹੀ ਕੋਲ ਰੱਖੀ ਕਿਉਂਕਿ ਉਸ ਨਾਲ ਉਹ ਸਹਾਰਾ ਲੈ ਲੈਂਦਾ ਸੀ।

ਉਸ ਨੇ ਸੋਚਿਆ ਕਿ ਉਹ ਵਾਪਸ ਨੁਕਤੇ ਤੇ ਸੂਰਜ ਡੁਬਣ ਤੋ ਪਹਿਲਾਂ ਨਹੀਂ ਪਹੁੰਚ ਸਕਦਾ; ਉਸ ਨੇ ਇਹ ਕੀ ਕਰ ਦਿੱਤਾ ਆਪ ਹੀ ਆਪਣੀ ਤਕਦੀਰ ਬਣਾ ਕਿ ਬਰਬਾਦ ਕਰ ਦਿੱਤੀ। ਪਰ ਉਹ ਦੌੜਦਾ ਰਿਹਾ; ਉਸ ਦੀ ਛਾਤੀ ਲੁਹਾਰ ਦੀ ਭੁਕਨੀ ਵਾਂਗ ਵਜ ਰਹੀ ਸੀ, ਦਿਲ ਹਥੌੜੇ ਵਾਂਗ ਵਜ ਰਿਹਾ ਸੀ ਅਤੇ ਉਸ ਦੀਆਂ ਲੱਤਾਂ ਸਾਥ ਨਹੀ ਦੇ ਰਹੀਆਂ ਸਨ ਜਿਸ ਤਰ੍ਹਾਂ ਉਹਦੀਆਂ ਆਪਣੀਆਂ ਨਾ ਹੋਣ। ਮੌਤ ਨਾ ਆ ਜਾਵੇ ਪਰ ਡਰਦਾ ਉਹ ਰੁਕਿਆ ਨਾ। ਜੇ ਉਹ ਰੁਕ ਗਿਆ ਤਾਂ ਲੋਕ ਉਸ ਨੂੰ ਪਾਗਲ ਕਹਿਣਗੇ। ਉਹ ਦੌੜਦਾ, ਦੌੜਦਾ ਰਿਹਾ। ਬਸ਼ਕੀਰਜ ਲੋਕਾਂ ਦੇ ਨੇੜੇ ਹੀ ਸੀ ਜੋ ਕੇ ਸ਼ਾਬਾਸ਼ ਕਹਿ ਰਹੇ ਸਨ; ਉਸ ਨੇ ਹੋਰ ਰਹਿੰਦੀ ਹਿੰਮਤ ਜੁਟਾਈ ਅਤੇ ਦੌੜਿਆ। ਸੂਰਜ ਬਹੁਤ ਥਲੇ ਸੀ ਪਰ ਉਹ ਵੀ ਸ਼ੁਰੂ ਵਾਲੀ ਉਚੀ ਜਗਾਹ ਤੋਂ ਥੋੜ੍ਹੀ ਹੀ ਦੂਰ ਸੀ। ਉਸ ਨੂੰ ਆਪਣਾ ਸੁਪਨਾ ਯਾਦ ਆਇਆ ਉਸ ਨੇ ਸੋਚਿਆ ਕੇ ਬਹੁਤ ਜ਼ਮੀਨ ਇਕੱਠੀ ਕਰ ਲਈ ਹੈ; ਰੱਬ ਉਸ ਨੂੰ ਜੀਉਣ ਦੇਵੇ।

ਆਪਣੇ ਸ਼ਰੀਰ ਨੂੰ ਅਗੇ ਵਲ ਝੁਕਾ ਕੇ ਤੇਜ਼ ਚਲਿਆ ਪਰ ਲੱਤਾਂ ਸਾਥ ਨਹੀਂ ਦੇ ਰਹੀਆਂ ਸਨ। ਅਮਰ ਨੇ ਸੂਰਜ ਵਲ ਤਕਿਆ; ਉਸ ਨੂੰ ਲਗਾ ਸੂਰਜ ਅਸਤ ਹੋ ਚੁਕਾ ਹੈ; ਉਸ ਨੇ ਉਚੀ ਚੀਖ ਮਾਰੀ ਉਸ ਨੇ ਸੋਚਿਆ, ਮੇਰੀ ਸਾਰੀ ਮਿਹਨਤ ਬੇਕਾਰ ਗਈ। ਉਹ ਰੁਕਣ ਲਗਾ ਸੀ ਪਰ ਬਸ਼ਕੀਰਜ ਲੋਕ ਅਜੇ ਵੀ ਰੌਲਾ ਪਾ ਰਹੇ ਸਨ ਕਿ ਅਮਰ ਦੌੜ, ਦੌੜ। ਅਮਰ ਨੂੰ ਸੂਰਜ ਨਜ਼ਰ ਨਹੀਂ ਸੀ ਆ ਰਿਹਾ ਪਰ ਬਸ਼ਕੀਰਜ ਲੋਕ ਉਚੀ ਜਗਾਹ ਤੇ ਖਲੋਤੇ ਸਨ ਅਤੇ ਸੂਰਜ ਵੇਖ ਸਕਦੇ ਸਨ। ਉਸ ਨੇ ਲੰਬਾ ਸਾਹ ਲਿਆ ਅਤੇ ਉਚੀ ਜਗਾਹ ਵਲ ਨੂੰ ਦੌੜ ਲਗਾਈ। ਉਸ ਦੀਆਂ ਲੱਤਾਂ ਸਾਥ ਨਹੀਂ ਦੇ ਰਹੀਆਂ ਸਨ ਪਰ ਟੋਪੀ ਉਪਰ ਰੂਬਲ ਕੁਝ ਗਜਾਂ ਦੀ ਵਿਥ ਤੇ ਉਸ ਦੇ ਸਾਹਮਣੇ ਪਏ ਨਜ਼ਰ ਆ ਰਹੇ ਸਨ। ਉਸ ਨੇ ਛਲਾਂਗ ਲਗਾਈ ਅਤੇ ਅੱਗੇ ਡਿੱਗ ਨੂੰ ਪਿਆ, ਉਸ ਦੇ ਹੱਥ ਟੋਪੀ ਉਪਰ ਜਾ ਲਗੇ।

ਚੀਫ ਨੇ ਕਿਹਾ, ਵਾਹ! ਕਿੰਨਾ ਬਹਾਦਰ ਇਹ ਆਦਮੀ ਹੈ; ਉਸ ਨੇ ਬਹੁਤ ਜ਼ਮੀਨ ਹਾਸਲ ਕਰ ਲਈ ਹੈ। ਅਮਰ ਦਾ ਨੌਕਰ ਦੌੜ ਕੇ ਆਇਆ ਅਤੇ ਉਸਨੇ ਅਮਰ ਨੂੰ ਉਠਾਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਦੇਖਿਆ ਕੇ ਅਮਰ ਦੇ ਮੂੰਹ ਵਿਚੋਂ ਖੂਨ ਵਗ ਰਿਹਾ ਹੈ ਅਮਰ ਮਰ ਗਿਆ ਸੀ! ਬਸ਼ਕੀਰਜ ਲੋਕ ਹੈਰਾਨ ਰਹਿ ਗਏ ਇਸ ਮੌਤ ਦੇ ਅਤੇ ਉਹਨਾਂ ਨੇ ਅਫਸੋਸ ਨਾਲ ਸਿਰ ਹਿਲਾਏ। ਅਮਰ ਦੇ ਨੌਕਰ ਨੇ ਕਹੀ ਫੜੀ ਅਤੇ ਕਬਰ ਖੋਦੀ ਜਿਸ ਵਿਚ ਅਮਰ ਚੰਗੀ ਤਰ੍ਹਾਂ ਲੇਟ ਸਕਦਾ ਸੀ ਅਤੇ ਉਸਨੂੰ ਦਫਨਾ ਦਿੱਤਾ। ਸਿਰ ਤੋਂ ਅੱਡੀਆਂ ਤੱਕ ਸਿਰਫ ਛੇ ਫੁਟ ਕਾਫੀ ਸਨ।

**ਨੀਅਤ ਸਾਫ਼ ਤੇ ਮਕਸਦ ਸਹੀ ਹੋਵੇ ਤਾਂ ਪ੍ਰਮਾਤਮਾ ਕਿਸੇ ਨਾ ਕਿਸੇ ਰੂਪ ਵਿਚ ਤੁਹਾਡੀ ਮੱਦਦ ਕਰਦਾ ਹੈ।**

# ਸ਼ਰਧਾਂਜ਼ਲੀ



Late S. Mohinder Singh Multani
02-07-1934 To 13-06-2025

ਸ. ਮਹਿੰਦਰ ਸਿੰਘ ਮੁਲਤਾਨੀ 13 ਜੂਨ 2025 ਨੂੰ ਅਚਾਨਕ ਅਕਾਲ ਚਲਾਣਾ ਕਰ ਗਏ ਹਨ। ਸ. ਮਹਿੰਦਰ ਸਿੰਘ ਮੁਲਤਾਨੀ ਜੀ ਦਾ ਜਨਮ ਅਗਸਤ 1934 ਨੂੰ ਜ਼ਿਲ੍ਹਾ ਸ਼ੇਖੂਪੁਰਾ ਪਾਕਿਸਤਾਨ ਵਿਚ ਹੋਇਆ। ਆਪ ਜੀ ਦੇ ਪਿਤਾ ਸ. ਗਹਿਣਾ ਸਿੰਘ ਸ਼ਾਹ ਹਲਕਾ ਸ਼ੇਖੂਪੁਰਾ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਹਿਲੇ ਲੁਬਾਣਾ ਨਾਮਜਦ ਮੈਂਬਰ ਸਨ। ਵੰਡ ਤੋਂ ਬਾਅਦ ਆਪ ਜੀ ਦਾ ਪਰਿਵਾਰ ਪਿੰਡ ਚੱਕ ਬਾਮੂ ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਅਬਾਦ ਹੋਇਆ। ਮੁੱਢਲੀ ਵਿਦਿਆ ਪਿੰਡ ਵਿਚੋਂ ਪ੍ਰਾਪਤ ਕਰਕੇ ਟਾਂਡਾ ਅਤੇ ਦਸੂਹਾ ਤੋਂ ਉੱਚ ਵਿਦਿਆ ਪ੍ਰਾਪਤ ਕਰਕੇ ਆਪ ਜੀ ਪੰਜਾਬ ਸਹਿਕਾਰੀ ਵਿਭਾਗ ਵਿਚ ਭਾਰਤੀ ਹੋਏ ਅਤੇ ਅਸਿਸਟੈਂਟ ਰਜਿਟਰਾਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਆਪ ਜੀ ਕਾਫੀ ਅਰਸੇ ਤੋਂ ਮਾਸਟਰ ਤਾਰਾ ਸਿੰਘ ਨਗਰ ਜਲੰਧਰ ਵਿਖੇ ਰਹਿ ਰਹੇ ਸਨ। ਸ. ਮਹਿੰਦਰ ਸਿੰਘ ਮੁਲਤਾਨੀ ਲੁਬਾਣਾ ਬਰਾਦਰੀ ਦੀ ਇਕ ਚਲਦੀ ਫਿਰਦੀ ਲਾਇਬ੍ਰੇਰੀ ਸਨ। ਉਹਨਾਂ ਪਾਸ ਲੁਬਾਣਾ ਬਰਾਦਰੀ ਦੇ ਹਰ ਸਖ਼ਸ਼ ਅਤੇ ਪਰਿਵਾਰ ਦੀ ਜਾਣਕਾਰੀ ਹੁੰਦੀ ਸੀ। ਆਪ ਜੀ ਦੇ ਦੋਨੇ ਸਪੁੱਤਰ ਇਸ ਵੇਲੇ ਅਮਰੀਕਾ ਵਿਚ ਸਥਾਪਿਤ ਹਨ। ਆਪ ਜੀ ਦੇ ਸਪੁੱਤਰ ਰਜਿੰਦਰਪਾਲ ਸਿੰਘ ਮੁਲਤਾਨੀ ਯੂ.ਐਸ.ਏ. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਜੀਵਨ ਮੈਂਬਰ ਹਨ। ਆਪ ਜੀ ਨੂੰ ਵਡੇਰੀ ਉਮਰ ਵਿਚ ਵੀ ਜਲੰਧਰ ਸ਼ਹਿਰ ਵਿਚ ਉਹਨਾਂ ਦੀ ਪਿਆਰੀ ਸਵਾਰੀ ਸਾਇਕਲ ਤੇ ਚਲਦੇ ਫਿਰਦੇ ਜਦੋਂ ਮਰਜੀ ਵੇਖਿਆ ਜਾ ਸਕਦਾ ਸੀ। ਅਦਾਰਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਅਤੇ ਅਦਾਰਾ ਲੁਬਾਣਾ ਸੇਵਕ ਉਹਨਾਂ ਦੇ ਵਿਛੋੜੇ ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਾ ਹੈ ਅਤੇ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਦਾ ਹੈ।

**ਸੁਰਿੰਦਰ ਸਿੰਘ ਰੂਬੀ (ਸੰਪਾਦਕ)**

**ਕੋਸ਼ਿਸ਼ ਆਖਰੀ ਸਾਹਾਂ ਤੱਕ ਕਰਨੀ ਚਾਹੀਦੀ ਹੈ।**
**ਸਫਲਤਾ ਮਿਲੇ ਜਾਂ ਤਜ਼ਰਬਾ, ਦੋਵੇਂ ਹੀ ਕੀਮਤੀ ਹਨ।**

# ਗੋਡਿਆਂ ਦਾ ਦਰਦ

ਨਵਪ੍ਰੀਤ ਕੌਰ

ਗੋਡਿਆਂ ਦਾ ਦਰਦ ਕਈ ਕਾਰਨਾਂ ਕਰਕੇ ਹੋ ਸਕਦਾ ਹੈ। ਰੋਜ਼ਾਨਾ ਦੀਆਂ ਗਤੀਵਿਧੀਆਂ ਜਾਂ ਕਿਸੇ ਖੇਡ ਵਿੱਚ ਹਿੱਸਾ ਲੈਂਦੇ ਸਮੇਂ ਦਬਾਅ ਆਉਣ ਨਾਲ ਦਰਦ ਪੈਦਾ ਹੋ ਸਕਦਾ ਹੈ ਜੋ ਆਮ ਤੌਰ 'ਤੇ ਆਰਾਮ ਕਰਨ ਨਾਲ ਠੀਕ ਹੋ ਜਾਂਦਾ ਹੈ। ਗਠੀਆ, ਗੋਡੇ ਦੀ ਸੱਟ ਅਤੇ ਸਰੀਰਕ ਮੁਦਰਾ ਵਿੱਚ ਵਿਗਾੜ ਲੰਮੇ ਸਮੇਂ ਤੱਕ ਦਰਦ ਪੈਦਾ ਕਰ ਸਕਦੇ ਹਨ। ਇਸ ਹਾਲਤ ਵਿੱਚ ਡਾਕਟਰੀ ਇਲਾਜ ਦੇ ਨਾਲ ਕਸਰਤ ਵੀ ਦਰਦ ਘਟਾਉਣ ਵਿੱਚ ਲਾਭਕਾਰੀ ਹੋ ਸਕਦੀ ਹੈ। ਕਸਰਤ ਨਾਲ ਗੋਡੇ ਦੁਆਲੇ ਮਾਸਪੇਸ਼ੀਆਂ ਨੂੰ ਲਚਕਦਾਰ ਅਤੇ ਮਜ਼ਦੂਰ ਬਣਾ ਕੇ ਜੋੜ ਨੂੰ ਸਥਿਰਤਾ ਪ੍ਰਦਾਨ ਕੀਤੀ ਜਾ ਸਕਦੀ ਹੈ ਜੋ ਦਰਦ ਘਟਾਉਣ ਵਿੱਚ ਕਾਫੀ ਹੱਦ ਤੱਕ ਕਾਮਯਾਬੀ ਦੇ ਸਕਦੀ ਹੈ।

ਗੋਡੇ ਦੁਆਲੇ ਮਾਸਪੇਸ਼ੀਆਂ ਖਿੱਚਣ ਦੀਆਂ ਕਸਰਤਾਂ

1. ਜ਼ਮੀਨ 'ਤੇ ਪਿੱਠ ਭਾਰ ਲੇਟ ਕੇ ਲੱਤਾਂ ਸਿੱਧੀਆਂ ਅਤੇ ਬਾਹਾਂ ਦੋਵੇਂ ਪਾਸੇ ਸਰੀਰ ਦੇ ਨਾਲ ਰੱਖੋ।

2. ਹੁਣ ਇਕ ਗੋਡਾ ਮੋੜ ਕੇ ਪੈਰ ਜ਼ਮੀਨ ਤੇ ਰੱਖਦੇ ਹੋਏ ਜਿੱਥੋਂ ਤੱਕ ਹੋ ਸਕੇ ਪੈਰ ਸਰੀਰ ਦੇ ਨਾਲ ਲੈ ਕੇ ਆਉ।

3. ਅੰਤਿਮ ਜਗ੍ਹਾ 'ਤੇ 1-2 ਸਕਿੰਟ ਰੁਕ ਕੇ ਲੱਤ ਫਿਰ ਸਿੱਧੀ ਕਰੋ।

4. 15-20 ਵਾਰ ਇਹ ਕਸਰਤ ਦੋਹਾਂ ਲੱਤਾਂ ਨਾਲ ਦੁਹਰਾਉ।

1. ਕਿਸੇ ਕੁਰਸੀ ਜਾਂ ਕੰਧ ਨੇੜੇ ਸਿੱਧੇ ਖੜ੍ਹੇ ਹੋਵੋ।

2. ਇਕ ਹੱਥ ਨਾਲ ਕੁਰਸੀ ਦਾ ਸਹਾਰਾ ਲੈ ਕੇ ਇਕ ਪੈਰ ਜ਼ਮੀਨ ਤੋਂ ਚੁੱਕ ਕੇ ਲੱਤ ਪਿੱਛੇ ਨੂੰ ਮੋੜੋ।

3. ਹੁਣ ਦੂਸਰੇ ਹੱਥ ਨਾਲ ਮੁੜੀ ਹੋਈ ਲੱਤ ਵਾਲਾ ਪੈਰ ਫੜ ਕੇ ਸਰੀਰ ਵੱਲ ਨੂੰ ਜਿੱਥੋਂ ਤੱਕ ਹੋ ਸਕੇ ਖਿੱਚੋ। ਅਜਿਹਾ ਕਰਦੇ ਸਮੇਂ ਦੋਵੇਂ ਗੋਡੇ ਬਰਾਬਰ ਰਹਿਣੇ ਚਾਹੀਦੇ ਹਨ।

4. 15-30 ਸਕਿੰਟ ਅਵਸਥਾ ਕਾਇਮ ਰੱਖੋ ਅਤੇ ਫਿਰ ਦੂਸਰੀ ਲੱਤ ਨਾਲ ਕਸਰਤ ਕਰੋ।

5. 3-4 ਵਾਰ ਇਹ ਕਸਰਤ ਦੋਹਾਂ ਲੱਤਾਂ ਨਾਲ ਦੁਹਰਾਉ।

6. ਕਸਰਤ ਦੌਰਾਨ ਸਰੀਰ ਬਿਲਕੁਲ ਸਿੱਧਾ ਅਤੇ ਨਿਗਾਹ ਸਾਹਮਣੇ ਟਿਕਾ ਕੇ ਰੱਖੋ। ਜਿਸ ਲੱਤ ਦੇ ਭਾਰ ਖੜ੍ਹੇ ਹੋ ਉਸ ਨੂੰ ਗੋਡੇ ਤੋਂ ਮਾਮੂਲੀ ਜਿਹਾ ਮੋੜੋ ਤਾਂ ਕਿ ਗੋਡੇ 'ਤੇ ਜ਼ਿਦਾ ਦਬਾਅ ਮਹਿਸੂਸ ਨਾ ਹੋਵੇ।

1. ਇਸ ਕਸਰਤ ਲਈ ਪੈਰ ਰੱਖਣ ਵਾਸਤੇ ਕਿਸੇ ਉੱਚੀ ਚੀਜ਼ ਦੀ ਜ਼ਰੂਰਤ ਹੈ ਜਿਵੇਂ ਕਿ ਪੌੜੀ ਜਾਂ ਸਟੂਲ ਜਿਸ ਦੀ ਉਚਾਈ ਗੋਡੇ ਤੇ ਘੱਟ ਹੋਵੇ।

2. ਪੌੜੀ ਜਾਂ ਸਟੂਲ ਕੋਲ ਸਿੱਧੇ ਖੜ੍ਹੇ ਹੋ ਕੇ ਇਕ ਪੈਰ ਅੱਡੀ ਦੇ ਭਾਰ ਉਸ 'ਤੇ ਟਿਕਾਉ ਤਾਂ ਕਿ ਪੈਰਾਂ ਦੀਆਂ ਉਂਗਲਾਂ ਉੱਪਰ ਵੱਲ ਹੋਣ।

3. ਹੁਣ ਪਿੱਠ ਸਿੱਧੀ ਰੱਖਦੇ ਹੋਏ ਕਮਰ ਤੋਂ ਹਲਕਾ ਜਿਹਾ ਅੱਗੇ ਵੱਲ ਨੂੰ ਝੁਕੋ ਤਾਂ ਕਿ ਲੱਤ ਦੇ ਪਿਛਲੇ ਹਿੱਸੇ ਵਿੱਚ ਖਿੱਚ ਮਹਿਸੂਸ ਹੋਵੇ।

4. 15-30 ਸਕਿੰਟ ਇਹ ਅਵਸਥਾ ਕਾਇਮ ਰੱਖੋ ਅਤੇ ਫਿਰ ਦੂਸਰੀ ਲੱਤ ਨਾਲ ਵੀ ਇਹ ਕਸਰਤ ਕਰੋ।

5. 3-4 ਵਾਰ ਇਹ ਕਸਰਤ ਦੋਹਾਂ ਲੱਤਾਂ ਨਾਲ ਦੁਹਰਾਉ।

6. ਜਿਸ ਲੱਤ ਦੇ ਭਾਰ ਖੜ੍ਹੇ ਹੋ ਉਸ ਨੂੰ ਗੋਡੇ ਤੋਂ ਮਾਮੂਲੀ ਜਿਹਾ ਮੋੜੋ ਤਾਂ ਕਿ ਗੋਡੇ 'ਤੇ ਜ਼ਿਆਦਾ ਦਬਾਅ ਮਹਿਸੂਸ ਨਾ ਹੋਵੇ।

1. ਸਿੱਧੇ ਖੜ੍ਹੇ ਹੋ ਕੇ ਇਕ ਲੱਤ ਪਿੱਛੇ ਵੱਲ ਨੂੰ ਲੈ ਕੇ ਜਾਉ ਅਤੇ ਪੈਰ ਪੂਰਾ ਜ਼ਮੀਨ 'ਤੇ ਟਿਕਾ ਕੇ ਰੱਖੋ।

2. ਹੁਣ ਪਿੱਠ ਸਿੱਧੀ ਰੱਖਦੇ ਹੋਏ ਕਮਰ ਤੋਂ ਅੱਗੇ ਵੱਲ ਹਲਕਾ ਜਿਹਾ ਝੁਕੋ।

3. ਅਗਲੀ ਲੱਤ ਨੂੰ ਗੋਡੇ ਤੋਂ ਇੰਨਾਂ ਕੁ ਮੋੜੋ ਕਿ ਪਿਛਲੀ ਲੱਤ ਵਿੱਚ ਗੋਡੇ ਤੋਂ ਹੇਠਾਂ ਪਿਛਲੇ ਪਾਸੇ ਖਿੱਚ ਮਹਿਸੂਸ ਹੋਵੇ।

4. ਅਜਿਹਾ ਕਰਦੇ ਸਮੇਂ ਸੰਤੁਲਨ ਕਾਇਮ ਰੱਖਣ ਲਈ ਦੋਵੇਂ ਹੱਥ ਗੋਡੇ 'ਤੇ ਰੱਖੋ।

5. 15-30 ਸਕਿੰਟ ਇਹ ਅਵਸਥਾ ਕਾਇਮ ਰੱਖੋ ਅਤੇ ਫਿਰ ਦੂਸਰੀ ਲੱਤ ਨਾਲ ਕਸਰਤ ਕਰੋ।

6. 3-4 ਵਾਰ ਇਹ ਕਸਰਤ ਦੋਹਾਂ ਲੱਤਾਂ ਨਾਲ ਦੁਹਰਾਉ।

7. ਧਿਆਨ ਰੱਖੋ ਕਿ ਅਗਲੀ ਲੱਤ ਮੋੜਦੇ ਸਮੇਂ ਗੋਡਾ ਪੈਰ ਤੋਂ ਅੱਗੇ ਨਾ ਵਧੇ।

ਅਜਿਹਾ ਕਰਨ ਨਾਲ ਗੋਡੇ 'ਤੇ ਵਾਧੂ ਦਬਾਅ ਪੈਂਦਾ ਹੈ ਅਤੇ ਤਕਲੀਫ਼ ਪੈਦਾ ਕਰ ਸਕਦਾ ਹੈ।

**ਗੋਡੇ ਦੁਆਲੇ ਮਾਸਪੇਸ਼ੀਆਂ ਮਜ਼ਬੂਤ ਕਰਨ ਦੀਆਂ ਕਸਰਤਾਂ**

1. ਇਕ ਕੁਰਸੀ 'ਤੇ ਪਿੱਠ ਸਿੱਧੀ ਅਤੇ ਕੁਰਸੀ ਦੀ ਢੋਅ ਦੇ ਨਾਲ ਲਗਾ ਕੇ ਬੈਠੋ। ਪੈਰ ਜ਼ਮੀਨ 'ਤੇ ਗੋਡਿਆਂ ਦੇ ਹੇਠਾਂ ਰੱਖੋ।

2. ਹੁਣ ਇਕ ਪੈਰ ਜ਼ਮੀਨ ਤੋਂ ਹੌਲੀ-ਹੌਲੀ ਚੁੱਕਦੇ ਹੋਏ ਲੱਤ ਨੂੰ ਗੋਡੇ ਤੋਂ ਜਿੱਥੋਂ ਤੱਕ ਹੋ ਸਕੇ ਸਿੱਧੀ ਕਰੋ। ਪੈਰਾਂ ਦੀਆਂ ਉਂਗਲਾਂ ਅੰਦਰ ਵੱਲ ਨੂੰ ਖਿੱਚੋ। ਅਜਿਹਾ ਕਰਦੇ ਸਮੇਂ ਧਿਆਨ ਰਹੇ ਕਿ ਲੱਤ ਦਾ ਗੋਡੇ ਤੋਂ ਉੱਪਰ ਵਾਲਾ ਹਿੱਸਾ (ਪੱਟ) ਕੁਰਸੀ ਦੀ ਸੀਟ 'ਤੇ ਟਿਕਿਆ ਰਹੇ।

3. 5 ਸਕਿੰਟ ਇਸ ਅਵਸਥਾ ਵਿੱਚ ਰੁਕ ਕੇ ਪੈਰ ਹੌਲੀ ਹੌਲੀ ਜ਼ਮੀਨ 'ਤੇ ਵਾਪਸ ਲਿਆਉ ਅਤੇ 8-10 ਵਾਰ ਇਹ ਗਤੀਵਿਧੀ ਦੁਹਰਾਉ।

4. ਦੋਹਾਂ ਲੱਤਾਂ ਨਾਲ ਇਹ ਕਸਰਤ 2-3 ਵਾਰ ਦੁਹਰਾਉ।

5. ਇਹ ਕਸਰਤ ਕਰਦੇ ਸਮੇਂ ਗੋਡੇ ਜਾਂ ਕਮਰ ਵਿੱਚ ਕਿਸੇ ਕਿਸਮ ਦਾ

ਦਰਦ ਪੈਦਾ ਨਹੀਂ ਹੋਣਾ ਚਾਹੀਦਾ। ਕਸਰਤ ਦੀ ਤਕਨੀਕ ਸਹੀ ਨਾ ਹੋਣ ਕਾਰਨ ਅਜਿਹਾ ਹੋ ਸਕਦਾ ਹੈ। ਜੇਕਰ ਤਕਨੀਕ ਦਰੁਸਤ ਕਰਨ 'ਤੇ ਵੀ ਦਰਦ ਪੈਦਾ ਹੁੰਦਾ ਹੈ ਤਾਂ ਕਸਰਤ ਬੰਦ ਕਰਕੇ ਡਾਕਟਰ ਦੀ ਸਲਹਾ ਲਉ।

1. ਕੁਰਸੀ ਦੀ ਸੀਟ ਦੇ ਵਿਚਾਲੇ ਪਿੱਠ ਸਿੱਧੀ ਕਰਕੇ ਬੈਠੋ। ਪੈਰ ਜ਼ਮੀਨ 'ਤੇ ਗੋਡਿਆਂ ਦੇ ਹੇਠ ਰੱਖੋ।

2. ਹੁਣ ਪਿੱਛ ਸਿੱਧੀ ਰੱਖਦੇ ਹੋਏ ਕਮਰ ਤੋਂ ਥੋੜ੍ਹਾ ਅੱਗੇ ਵੱਲ ਨੂੰ ਝੁਕੋ। ਅੱਡੀਆਂ ਉੱਤੇ ਦਬਾਅ ਪਾ ਕੇ ਪਿਛਵਾੜੇ ਨੂੰ ਹੌਲੀ ਹੌਲੀ ਕੁਰਸੀ ਤੋਂ ਚੁੱਕੋ ਅਤੇ ਖੜ੍ਹੇ ਹੋਣ ਦੀ ਅਵਸਥਾ ਵਿੱਚ ਆਉ।

3. 1-2 ਸਕਿੰਟ ਇਸ ਅਵਸਥਾ ਵਿੱਚ ਰੁਕ ਕੇ ਵਾਪਸ ਕੁਰਸੀ 'ਤੇ ਬੈਠੋ।

4. 10-15 ਵਾਰ ਇਹ ਕਸਰਤ ਦੁਹਰਾਉ।

5. ਇਸ ਕਸਰਤ ਦੌਰਾਨ ਕੁਰਸੀ ਤੋਂ ਬਿਨਾਂ ਹੱਥਾਂ ਦਾ ਸਹਾਰਾ ਲਏ ਉਠਣ ਦੀ ਕੋਸ਼ਿਸ਼ ਕਰੋ। ਉਠਦੇ ਸਮੇਂ ਗੋਡੇ ਅੰਦਰ ਵੱਲ ਨੂੰ ਨਹੀਂ ਝੁਕਣੇ ਚਾਹੀਦੇ। ਕਸਰਤ ਦੀ ਹਰ ਅਵਸਥਾ ਵਿੱਚ ਗੋਡਿਆਂ ਅਤੇ ਪੈਰਾਂ ਵਿੱਚ ਬਰਾਬਰ ਦੂਰੀ ਬਣਾ ਕੇ ਰੱਖੋ।

6. ਕੁਰਸੀ ਤੋਂ ਇਕਦਮ ਝਟਕੇ ਨਾਲ ਨਾ ਉਠੋ। ਅਜਿਹਾ ਕਰਨ ਨਾਲ ਚੱਕਰ ਆਉਣ ਦਾ ਖਤਰਾ ਵੱਧ ਸਕਦਾ ਹੈ। ਖਾਸ ਕਰਕੇ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਲਈ।

1. ਇਸ ਕਸਰਤ ਦੌਰਾਨ ਸਹਾਰਾ ਲੈਣ ਲਈ ਕਿਸੇ ਕੁਰਸੀ ਜਾਂ ਕੰਧ ਦੇ ਨੇੜੇ ਖੜ੍ਹੇ ਹੋ ਕੇ ਇਹ ਕਸਰਤ ਕਰੋ।

2. ਸਿੱਧੇ ਖੜ੍ਹੇ ਹੋ ਕੇ ਦੋਵੇਂ ਪੈਰ ਬਰਾਬਰ ਅਤੇ ਗੋਡੇ ਜੋੜ ਕੇ ਰੱਖੋ।

3. ਹੁਣ ਹੱਥਾਂ ਨਾਲ ਕੁਰਸੀ ਜਾਂ ਕੰਧ ਦਾ ਸਹਾਰਾ ਲੈਂਦੇ ਹੋਏ ਇਕ ਪੈਰ ਜ਼ਮੀਨ ਤੋਂ ਚੁੱਕ ਕੇ ਲੱਤ ਗੋਡੇ ਤੋਂ ਪਿੱਛੇ ਵੱਲ ਨੂੰ ਮੋੜੋ। ਪੈਰ ਨੂੰ ਗੋਡੇ ਦੀ ਉਚਾਈ ਦੇ ਬਰਾਬਰ ਚੁੱਕ ਕੇ 1-2 ਸਕਿੰਟ ਰੁਕੋ ਅਤੇ ਫਿਰ ਵਾਪਸ ਜ਼ਮੀਨ 'ਤੇ ਰੱਖੋ। ਹੁਣ ਇਹ ਗਤੀਵਿਧੀ ਦੂਸਰੀ ਰੱਤ ਨਾਲ ਦੁਹਰਾਉ।

4. ਵਾਰੀ ਵਾਰੀ ਦੋਹਾਂ ਲੱਤਾਂ ਨਾਲ ਇਹ ਕਸਰਤ 8-10 ਵਾਰ ਕਰੋ।

5. ਕੁਝ ਸਕਿੰਟ ਰੁਕ ਕੇ ਦੁਬਾਰਾ ਇਹ ਕਸਰਤ ਦੋਹਾਂ ਲੱਤਾਂ ਨਾਲ ਦੁਹਰਾਉ।

6. ਇਸ ਕਸਰਤ ਦੌਰਾਨ ਲੱਤ ਚੁੱਕ ਕੇ ਮੋੜਦੇ ਸਮੇਂ ਲੱਤਾਂ ਬਰਾਬਰ ਅਤੇ ਗੋਡੇ ਜੋੜ ਕੇ ਰੱਖੋ। ਸਰੀਰ ਬਿਲਕੁਲ ਸਿੱਧਾ ਰੱਖੋ।

1. ਇਸ ਕਸਰਤ ਲਈ ਪੌੜੀਆਂ ਜਾਂ ਕਿਸੇ ਮਜ਼ਬੂਤ 4-6 ਇੰਚ ਉੱਚੇ ਸਟੂਲ ਦੀ ਜ਼ਰੂਰਤ ਹੈ।

2. ਪੌੜੀ ਜਾਂ ਸਟੂਲ ਵੱਲ ਮੂੰਹ ਕਰਕੇ ਸਿੱਧੇ ਖੜ੍ਹੇ ਹੋਵੋ।

3. ਖੱਬਾ ਪੈਰ ਉੱਪਰ ਚੁੱਕ ਕੇ ਪਹਿਲੀ ਪੌੜੀ 'ਤੇ ਰੱਖੋ। ਹੁਣ ਖੱਬੇ ਪੈਰ ਦੀ ਅੱਡੀ 'ਤੇ ਦਬਾਅ ਪਾਉਂਦੇ ਹੋਏ ਸਰੀਰ ਉੱਪਰ ਚੁੱਕੋ ਅਤੇ ਸੱਜਾ ਪੈਰ ਖੱਬੇ ਪੈਰ ਦੇ ਬਰਾਬਰ ਪਹਿਲੀ ਪੌੜੀ 'ਤੇ ਰੱਖੋ। 1-2 ਸਕਿੰਟ ਰੁਕ ਕੇ ਵਾਪਸ ਪੌੜੀ ਤੋਂ ਉੱਤਰ ਕੇ ਸ਼ੁਰੂਆਤੀ ਸਥਿਤੀ ਵਿੱਚ ਆਉ।

4. ਇਹ ਕਸਰਤ ਦੁਹਰਾਉ ਪਰ ਇਸ ਵਾਰ ਪਹਿਲਾਂ ਸੱਜਾ ਪੈਰ ਪੌੜੀ 'ਤੇ ਰੱਖੋ। ਇਸ ਤਰ੍ਹਾਂ ਵਾਰੀ-ਵਾਰੀ ਦੋਹਾਂ ਲੱਤਾਂ ਨਾਲ 8-10 ਵਾਰ ਕਸਰਤ ਕਰੋ।

5. ਕੁਝ ਸਕਿੰਟ ਰੁਕ ਕੇ ਦੋਹਾਂ ਲੱਤਾਂ ਨਾਲ ਦੁਬਾਰਾ 8-10 ਵਾਰ ਕਸਰਤ ਦੁਹਰਾਉ। ਅਜਿਹਾ 2-3 ਵਾਰ ਕੀਤਾ ਜਾ ਸਕਦਾ ਹੈ।

6. ਕਸਰਤ ਕਰਦੇ ਸਮੇਂ ਸਰੀਰ ਨੂੰ ਅੱਗੇ ਵੱਲ ਝੁਕਣ ਤੋਂ ਰੋਕੋ ਅਤੇ ਨਿਗਾਹ ਸਾਹਮਣੇ ਟਿਕਾ ਕੇ ਰੱਖੋ।

1. ਜ਼ਮੀਨ 'ਤੇ ਸਿੱਧੇ ਲੈਟ ਕੇ ਬਾਹਾਂ ਸਰੀਰ ਦੇ ਨਾਲ ਲੱਗਾ ਕੇ ਰੱਖੋ।

2. ਇਹ ਕਸਰਤ ਕਰਨ ਲਈ ਇਕ ਲੱਤ ਗੋਡੇ ਤੋਂ ਮੋੜੋ ਅਤੇ ਪੈਰ ਜ਼ਮੀਨ 'ਤੇ ਸਿੱਧਾ ਟਿਕਾ ਕੇ ਰੱਖੋ। ਹੁਣ ਪੇਟ ਦੀਆਂ ਮਾਸਪੇਸ਼ੀਆਂ ਨੂੰ ਅੰਦਰ ਵੱਲ ਖਿੱਚੋ ਤਾਂ ਕਿ ਕਮਰ ਜ਼ਮੀਨ ਦੇ ਨਾਲ ਲੱਗੇ। ਸਿੱਧੀ ਲੱਤ ਨੂੰ ਪੱਟ ਦੀਆਂ ਮਾਸਪੇਸ਼ੀਆਂ ਦੇ ਜ਼ੋਰ ਨਾਲ ਹੌਲੀ-ਹੌਲੀ ਜ਼ਮੀਨ ਤੋਂ ਤਕਰੀਬਨ ਇੱਕ ਫੁੱਟ ਉੱਚਾ ਚੁੱਕੋ। ਪੈਰਾਂ ਦੀਆਂ ਉਂਗਲਾਂ ਨੂੰ ਆਪਣੇ ਵੱਲ ਖਿੱਚੋ। 3-5 ਸਕਿੰਟ ਰੁਕ ਕੇ ਹੌਲੀ-ਹੌਲੀ ਲੱਤ ਜ਼ਮੀਨ ਤੋਂ ਵਾਪਸ ਲਿਆਉ।

3. 8-10 ਵਾਰ ਦੋਹਾਂ ਲੱਤਾਂ ਨਾਲ ਇਹ ਗਤੀਵਿਧੀ ਕਰੋ।

4. ਇਹ ਕਸਰਤ 2-3 ਵਾਰ ਦੁਹਰਾਉ।


5. ਧਿਆਨ ਰੱਖੋ ਕਿ ਜਿੰਨੀ ਦੇਰ ਇਕ ਲੱਤ ਜ਼ਮੀਨ ਤੋਂ ਉੱਪਰ ਹੈ ਪੇਟ ਦੀਆਂ ਮਾਸਪੇਸ਼ੀਆਂ ਅੰਦਰ ਵੱਲ ਖਿੱਚੀਆਂ ਰਹਿਣ। ਲੱਤ ਨੂੰ ਜ਼ਮੀਨ ਤੋਂ ਬਿਨਾਂ ਕਿਸੇ ਝਟਕੇ ਦੇ ਉੱਪਰ ਚੁੱਕੋ ਅਤੇ ਹੇਠਾਂ ਲੈ ਕੇ ਆਉ। ਲੱਤ ਨੂੰ ਜ਼ਮੀਨ ਤੋਂ ਬਹੁਤ ਜ਼ਿਆਦਾ ਉੱਪਰ ਨਾ ਚੁੱਕੋ।

6. ਜੇਕਰ ਫਿਰ ਵੀ ਲੱਤ ਚੁੱਕਣ ਵਿੱਚ ਪ੍ਰੇਸ਼ਾਨੀ ਹੁੰਦੀ ਹੈ ਜਾਂ ਕਮਰ 'ਤੇ ਜ਼ਿਆਦਾ ਜ਼ੋਰ ਪੈਂਦਾ ਹੈ ਤਾਂ ਇਕ ਤੌਲੀਆ ਗੋਲ ਕਰਕੇ ਗੋਡੇ ਦੇ ਹੇਠਾਂ ਰੱਖ ਕੇ ਇਹ ਕਸਰਤ ਕੀਤੀ ਜਾ ਸਕਦੀ ਹੈ। ਇਸ ਸਥਿਤੀ ਵਿੱਚ ਲੱਤ ਤੋਲੀਏ ਦੇ ਸਹਾਰੇ ਨਾਲ ਜ਼ਮੀਨ ਤੋਂ ਉੱਪਰ ਰੱਖੋ ਅਤੇ ਕਸਰਤ ਪੂਰੀ ਕਰੋ।

7. ਇਹ ਕਸਰਤ ਕਰਨ ਨਾਲ ਜੇਕਰ ਕਮਰ ਵਿੱਚ ਦਰਦ ਪੈਦਾ ਹੁੰਦਾ ਹੈ ਤਾਂ ਕਸਰਤ ਬੰਦ ਕਰਕੇ ਡਾਕਟਰ ਦੀ ਸਲਾਹ ਲਉ।

● ● ●

**ਮਾਂ ਦੀ ਹਰ ਲੋੜ ਨੂੰ ਠੁਕਰਾਅ ਕੇ ਅਤੇ ਪਿਤਾ ਨੂੰ ਨਜ਼ਰਅੰਦਾਜ਼ ਕਰਕੇ, ਜੋ ਮਨੁੱਖ ਦਾਨ ਪੁੰਨ ਕਰਦਾ ਹੈ, ਉਹ ਦਾਨੀ ਨਹੀਂ ਬੇਈਮਾਨ ਹੈ।**



# ਕਾਵਿ-ਕਿਆਰੀ



## ਕਵਿਤਾ / ਵਿਚਾਰਾਂ ਦੀ ਵਿਡੰਬਨਾ

**ਸੁਰਿੰਦਰ ਮਕਸੂਦਪੁਰੀ**



ਲੇਖਕ ਦੀ ਪਤਨੀ ਬੋਲੀ :
ਤੁਸੀਂ ਹਰਦਮ ਆਪਣੀਆਂ
ਕਵਿਤਾਵਾਂ-ਕਹਾਣੀਆਂ 'ਚ ਹੀ
ਗੁੰਮੇ-ਗੁਆਚੇ ਰਹਿੰਦੇ ਓ
ਕਦੇ ਘਰ ਦੀਆਂ ਕਥਾ-ਕਹਾਣੀਆਂ
ਵੱਲ ਵੀ ਆਇਆ ਕਰੋ
ਕਦੇ ਘਰ-ਪਰਿਵਾਰ ਦੇ ਮਸਲੇ ਵੀ
ਸੁਲਝਾਇਆ ਕਰੋ
ਇਹ ਕਵਿਤਾ, ਕਾਗਜ਼, ਕਲਮ ਹੀ
ਜ਼ਿੰਦਗੀ ਨਹੀਂ ਏ ਬਸ


ਲੇਖਿਆ ਬੋਲਿਆ :
ਇਹ ਕਵਿਤਾ ਹੀ ਜ਼ਿੰਦਗੀ ਹੈ
ਇਹ ਕਵਿਤਾ ਹੀ ਬੰਦਗੀ ਹੈ
ਜੇ ਤੂੰ ਮਾਣ ਸਕੇਂ ਤਾਂ
ਇਹ ਜ਼ਿੰਦਗੀ ਹੀ ਕਵਿਤਾ ਹੈ
ਇਹ ਬੰਦਗੀ ਹੀ ਕਵਿਤਾ ਹੈ
ਜੇ ਤੂੰ ਜਾਣ ਸਕੇਂ ਤਾਂ
'ਆਪਣਾ ਮੂਲੁ ਪਛਾਣੁ' ਸਕੇਂ ਤਾਂ !

**-234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021,**
**ਮੋ. 99887-10234**

* * * * *

## ਇੱਕ ਅ.ਗਜ਼ਲ/ਛੇਵਾਂ ਦਰਿਆ

**ਰਤਨ ਟਾਹਲਵੀ**



ਜੋਸ਼ ਜਵਾਨੀ ਨੂੰ ਸਰਕਾਰੋਂ ਖਵਰੇ ਕੀ ਕੁਝ ਲਗ ਗਿਐ।
ਚੌਂਕ ਚੁਰਸਤੇ, ਪਿੰਡ ਨਗਰ ਵਿਚ ਛੇਵਾਂ ਦਰਿਆ ਵਗ ਗਿਐ।

ਅਰਥੀ ਤੱਕ ਕੇ ਲੋਕੀਂ ਕਹਿੰਦੇ, ਇਹ ਆਦਮ ਨਸ਼ੇੜੀ ਸੀ,
ਘਰ ਦੇ ਅਤੇ ਸੁਹਿਰਦ ਲੋਕੀਂ, ਕਹਿੰਦੇ ਪਿੰਡ ਦਾ ਨਗ ਗਿਐ।

ਨੋਟ ਵੋਟ ਦੋ ਸਕੇ ਭਾਈਆਂ, ਠਾਣ ਲਈ ਬੇੜੀ ਡੋਬਣ ਦੀ,
ਡੁੱਬ ਗਿਆ ਹਾਂ ਏਸ ਭੰਵਰ ਵਿਚ ਸਾਰਾ ਜੀਵਨ ਠੱਗ ਗਿਐ।

ਬੰਨ੍ਹ ਕਤਾਰਾਂ ਅਮਲੀ ਤੁਰ ਪਏ, ਬਲਦੇ ਬੁਝਦੇ ਸਿਵਿਆਂ ਨੂੰ,
ਕੀ ਬਣੇਗਾ ਏਸ ਤਰਫ਼ ਜੇ ਸਾਰਾ ਹੀ ਤੁਰ ਜਗ ਗਿਐ।

ਸਫ਼ੈਦਪੋਸ਼ ਨੂੰ ਮਹਿਫ਼ਿਲ ਦੇ ਵਿਚ ਖ਼ਾਕੀ ਧਾਰੀ ਆਖ ਰਿਹੈ,
ਐਸੀ ਲੱਤ ਲਗਾਈ ਲੋਕਾਂ ਨੂੰ, ਰੋਗ ਅਵੱਲਾ ਲੱਗ ਗਿਐ।

ਰਤਨ ਵਰਿੰਦਰ ਨੂੰ ਮਿਲ ਪਿਆ ਸ਼ੇਖ਼ ਅਚਾਨਕ ਠੇਕੇ 'ਚ,
ਰਿੰਦ ਸਾਕੀ ਦੀ ਗੱਲ ਕੀ ਕਰੀਏ, ਜੱਗ ਨੂੰ ਗ੍ਰਹਿਣ ਲੱਗ ਗਿਐ।

* * * * *

## ਕਵਿਤਾ/ ਸ਼ਹੀਦ ਊਧਮ ਸਿੰਘ ਜੀ

ਦਹਾੜ ਬੱਬਰ ਸ਼ੇਰ ਦੀ ਨਾਲ ਸੀ ਲੰਡਨ ਹਿੱਲਿਆ,
ਕੀ ਹੁੰਦੇ ਨੇ ਪੰਜਾਬੀ ਸਮਝਾ ਗਿਆ ਸੀ,
ਜਲ੍ਹਿਆਂਵਾਲੇ ਬਾਗ ਦਾ ਲੈ ਬਦਲਾ,
ਊਧਮ ਸਿੰਘ ਇੱਕੀਆਂ ਦੇ ਇਕਵੰਜਾ ਪਾ ਗਿਆ ਸੀ।

21 ਸਾਲ ਤੋਂ ਜੋ ਮੱਚੀ ਸੀ ਅੱਗ ਦਿਲ ਅੰਦਰ,
ਅਡਵਾਇਰ ਦੇ ਖ਼ੂਨ ਦੇ ਨਾਲ ਬੁਝਾ ਗਿਆ ਸੀ,
ਮਾਰ ਗੋਲੀਆਂ ਛਾਤੀ ਦੇ ਵਿੱਚ ਪਾਪੀ ਦੇ,
ਭਾਰਤ ਮਾਤਾ ਦਾ ਕਰਜ਼ ਚੁਕਾ ਗਿਆ ਸੀ।



ਖੁਦ ਨੂੰ ਰਾਮ ਮੁਹੰਮਦ ਸਿੰਘ ਆਜ਼ਾਦ ਕਹਿ ਕੇ,
ਸਭ ਦਾ ਸਾਂਝਾ ਹੋਣ ਦਾ ਨਾਹਰਾ ਲਾ ਗਿਆ ਸੀ,
ਸਭ ਦੇ ਜ਼ਖ਼ਮਾਂ ਦੇ ਉੱਤੇ ਮਰਹਮ ਲਗਾ ਕੇ,
ਸਾਂਝੀਵਾਲਤਾ ਦਾ ਪਾਠ ਪੜ੍ਹਾ ਗਿਆ ਸੀ।

ਅੱਤਿਆਚਾਰੀ ਤੋਂ ਬਦਲਾ ਲੈ ਇੱਕ ਅਨਾਥ ਬੱਚਾ,
ਸਾਰੇ ਭਾਰਤ ਦਾ ਸਪੂਤ ਕਹਾ ਗਿਆ ਸੀ,
ਸੁਖਵਿੰਦਰ ਕਰੇ ਪ੍ਰਣਾਮ ਉਸ ਮਰਜੀਵੜੇ ਨੂੰ,
ਜੋ ਆਜ਼ਾਦ ਫਿਜ਼ਾਵਾਂ 'ਚ ਤਿਰੰਗਾ ਲਹਿਰਾ ਗਿਆ ਸੀ।

**ਸੁਖਵਿੰਦਰ ਸਿੰਘ 'ਜਲਾਲਪੁਰੀ'**
**ਇੰਸਪੈਕਟਰ ਸੀ.ਬੀ.ਆਈ.,**
**ਪਿੰਡ ਜਲਾਲਪੁਰ, ਹੁਸ਼ਿਆਰਪੁਰ**
**+919906381482**



# MATRIMONIAL



**SEEKING MATCH LUBANA SIKH BOY 97 BORN/6 FT, B.TECH + MBA (11M), WORKING AT MNC & HANDSOME SALARY. PARENTS RETIRED FROM GOVT. SECTOR. AMBALA CANTT. CONTACT-94665-04766**

* * * * *

**MATCH FOR 17.09.1990 BORN 5'5" BA, DCA AMRITDHARI LUBANA MULTANI BOY, WORKING AS GRANTHI SINGH - SGPC EMPLOYEE SALARY 25000, FAMILY –ELDER BROTHER ONE AND YOUNGER SISTER ONE. CONTACT – 9779888166**

* * * * *

**SEEKING MATCH FOR SIKH LOBANA GIRL STATE/CENTER GOVT. EMPLOYEE, B.A.L.L.B., APRIL 1997, 5'-5", WORKING AS LEGAL ASSISTANT, PUNJAB GOVT. AT CHANDIGARH. CONTACT: 98139-24411**

* * * * *

**MATCH FOR AMERICAN REGITERED NURSE BSC NURSING 5.6" 1992 BORN LOBANA GIRL. DOCTOR, ENGINEER, OR US PRACTISING LAWYER SHALL BE PREFERRED. CONTACT NO : 9814533182**

* * * * *

**LUBANA SIKH BOY DEC'92, 5.11FT BE (ECE), MBA (POWER MANAGEMENT) SR. MANAGER @ DELHI NCR. "REQUIRED B.E. / B TECH, M TECH MCA MBA M.SC. M.COM. QUALIFIED GIRL "NO DOWRY SIMPLE SOCIAL CEREMONIES" CASTE NO BAR. DIAL 9417145424, 9878373538.**

* * * * *

**SEEKING MATCH FOR SIKH LUBANA BOY 1997 BORN (27 YEARS), HEIGHT 5'6", B.A FROM PUNJAB UNIVERSITY, SECURITY OFFICER IN AVIATION SECTOR (INDIGO AIRLINES). FAMILY-FATHER IN REAL ESTATE BUSINESS, MOTHER – GOVT. JOB, ONE ELDER SISTER MARRIED AND STAYING IN USA NOW. CONTACT FOR MORE DETAILS - 9877752737, 8427907533**

* * * * *

**LOOKING MATCH FOR LUBANA 1993 BORN HEIGHT 6'7" VEGETARIAN BOY, QUALIFICATION-B.TECH (COMPUTER SC.), GRADUATE DIPLOMA IN APPLIED MANAGEMENT, VARIOUS IT CERTIFICATIONS INCLUDING DATA ANALYST AND DATA ENGINEER, PROFESSION – WORKING AS SR. DATA ENGINEER AT CIVIL AVIATION AUTHORITY, WELLINGTON, NEW ZEALAND, FATHER RETIRED SR. MANAGER, MOTHER- HOME MAKER, BROTHER – ABROAD, OWN APPT. IN DELHI & ZIRAKPUR. CASTE NO BAR. CONTACT- 9871096789**

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਜੂਨ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸ. ਪਰਮਜੀਤ ਸਿੰਘ ਪਾਲੀਆ<br>ਮ. ਨੰ: 763, ਸੈਕਟਰ 40ਏ, ਚੰਡੀਗੜ੍ਹ। | 593<br>(ਆਨਲਾਈਨ ਪ੍ਰਾਪਤ ਕੀਤੇ।) | 2100/- | 01.07.2025 |
| 2. | ਸ. ਕੁਲਦੀਪ ਸਿੰਘ<br>ਕੁਲਦੀਪ ਰਾਇਸ ਮਿੱਲ, ਗੁਰਦਾਸਪੁਰ। | 594 | 5000/- | 14.07.2025 |
| 3. | ਇੰਜ. ਬਲਜੀਤ ਸਿੰਘ ਭਗਤਾਨਾ<br>ਮ. ਨੰ: 176, ਗੋਲਡਨ ਐਵਨਯੂ, ਫ਼ੇਸ-1, ਜਲੰਧਰ।<br>(ਆਨਲਾਈਨ ਪ੍ਰਾਪਤ ਕੀਤੇ।) | 595 | 1100/- | 14.07.2025 |
| 4. | ਇੰਜ ਭਗਵਾਨ ਸਿੰਘ ਲੁਬਾਣਾ, ਪ੍ਰਧਾਨ<br>ਮ. ਨੰ: 187, ਹਰਦਿਆਲ ਨਗਰ, ਗੜ੍ਹਾ ਰੋਡ, ਜਲੰਧਰ। | 603 | 1,000/- | 16.07.2025 |
| 5. | ਪੰਡਿਤ ਰਾਮ ਕੁਮਾਰ<br>ਬ.ਮ.ਸ.ਲ. ਫ਼ਾਊਂਡੇਸ਼ਨ. ਚੰਡੀਗੜ੍ਹ। | 596 | 500/- | 16.07.2025 |
| 6. | ਸ. ਸੁਖਵਿੰਦਰ ਸਿੰਘ<br>ਇੰਨਸਪੈਕਟਰ ਸੀ.ਬੀ.ਆਈ. ਜਲਾਲਪੁਰ। | 597 | 500/- | 16.07.2025 |
| 7. | ਸ. ਸੁਖਵਿੰਦਰ ਸਿੰਘ ਸਪੁੱਤਰ ਸ. ਤਰਲੋਕ ਸਿੰਘ<br>ਪ੍ਰੇਮ ਕਲਾਥ ਹਾਉਸ, ਮੇਨ ਬਜ਼ਾਰ, ਬੇਗੋਵਾਲ, ਕਪੂਰਥਲਾ।<br>(ਆਨਲਾਈਨ ਪ੍ਰਾਪਤ ਕੀਤੇ।) | 598 | 10,000/- | 16.07.2025 |
| 8. | ਕਰਨਲ ਗੁਰਦੀਪ ਸਿੰਘ (ਰਿਟਾ.)<br>ਵੀ.ਪੀ. (ਹੈ.ਕੁ.), ਮ. ਨੰ: 62, ਸੈਕਟਰ-71, ਮੋਹਾਲੀ। | 599 | 500/- | 16.07.2025 |
| 9. | ਸ. ਜਗਜੀਤ ਸਿੰਘ<br>ਮ. ਨੰ: 11, ਸੈਕਟਰ-48ਏ, ਚੰਡੀਗੜ੍ਹ। | 600 | 500/- | 16.07.2025 |
| 10. | ਸੂਬੇਦਾਰ ਮੇਜਰ ਜਸਪਾਲ ਸਿੰਘ (ਰਿਟਾ.)<br>ਮੈਂਟੀਨੈਂਸ ਸਕੱਤਰ, ਮ. ਨੰ: 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 601 | 200/- | 16.07.2025 |
| 11. | ਸ਼੍ਰੀਮਤੀ ਗੁਰਨਾਮ ਕੌਰ ਸੁਪਤਨੀ ਪੂਰਨ ਸਿੰਘ<br>ਢੀਨ, ਅੰਬਾਲਾ। | 602 | 500/- | 16.07.2025 |
| 12. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਸੀਨੀ. ਵੀ.ਪੀ. (ਹੈ.ਕੁ.), ਮ. ਨੰ. 3405, ਸੈਕਟਰ-40ਡੀ, ਚੰਡੀਗੜ੍ਹ। | 604 | 200/- | 16.07.2025 |

| | | | | |
|---|---|---|---|---|
| 13. | ਬੀਬੀ ਨਰਿੰਦਰ ਕੌਰ<br>ਮ. ਨੰ. 326/2, ਸੈਕਟਰ-38ਏ, ਚੰਡੀਗੜ੍ਹ। | 605 | 200/- | 16.07.2025 |
| 14. | ਸ਼੍ਰੀਮਤੀ ਪ੍ਰੀਤੀ<br>ਜਲੰਧਰ। (ਬੇਟੇ ਦੀ ਤੰਦਰੁਸਤੀ ਲਈ ਅਰਦਾਸ) | 606 | 100/- | 16.07.2025 |
| 15. | ਗੁਪਤਦਾਨ | 607 | 400/- | 21.07.2025 |

# ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

● ● ●

**ਚੰਗੇ ਲੋਕਾਂ ਦਾ ਰੱਬ ਇਮਤਿਹਾਨ ਬਹੁਤ ਲੈਂਦਾ ਹੈ, ਪਰ ਸਾਥ ਨਹੀਂ ਛੱਡਦਾ। ਬੁਰੇ ਲੋਕਾਂ ਨੂੰ ਬਹੁਤ ਕੁਝ ਦੇ ਵੀ ਦਿੰਦਾ ਹੈ ਪਰ ਸਾਥ ਨਹੀਂ ਦਿੰਦਾ।**

# Lobana Bhawan

Baba Makhan Shah Lobana Foundation (Regd.),
Sector 30-A, Chandigarh

***Facilities Available for All Types of Functions at reasonable rates***

| | |
|---|---|
| *Double Bed A.C Rooms* | *Dormitory A.C Rooms*<br>*Four Single Bed* |
| *Main Hall, A.C*<br>*Capacity 400 Persons* | *Mini Hall, A.C*<br>*Capacity 150-200 Persons* |
| *Main Auditorium, A.C*<br>*Capacity 450 Persons* | *Mini Auditorium, A.C*<br>*Capacity 150 Persons* |
| *Basement Hall*<br>*350-400 Persons* | *Conference Hall, A.C*<br>*Capacity 25 Persons* |

**24x7 Catering Service Available**

For Booking Contact :-
98768-11137, 73470-65188

# ਬਹੁਪੱਖੀ ਸ਼ਖ਼ਸ਼ੀਅਤ ਸਨ ਬੀਬੀ ਰੁਪਿੰਦਰ ਕੌਰ ਸਾਬਕਾ ਸਰਪੰਚ ਪਿੰਡ ਗਹੋਤ ਪੋਕਰ



ਬੀਬੀ ਰੁਪਿੰਦਰ ਕੌਰ ਜੀ ਗੁਰਦਾਸਪੁਰ ਇਲਾਕੇ ਅਤੇ ਵਿਸ਼ੇਸ਼ ਕਰਕੇ ਲੁਬਾਣਾ ਭਾਈਚਾਰੇ ਦੀ ਸਿਰਕੱਢ, ਬੇਦਾਗ਼ ਅਤੇ ਧਾਰਮਿਕ ਸਖ਼ਸ਼ੀਅਤ ਦੇ ਮਾਲਕ ਸਨ ਅਤੇ ਮਿੱਠ ਬੋਲੜੇ ਸੁਭਾਅ ਦੇ ਹੋਣ ਕਰਕੇ ਸਾਰਾ ਇਲਾਕਾ ਇਹਨਾਂ ਦਾ ਦਿਲੋਂ ਸਤਿਕਾਰ ਕਰਦਾ ਸੀ ਅਤੇ ਆਪ ਹਮੇਸ਼ਾ ਹੀ ਲੋੜਵੰਦਾਂ ਦੀ ਸੇਵਾ ਵਿਚ ਤੱਤਪਰ ਰਹਿੰਦੇ ਸਨ। ਬੀਬੀ ਜੀ ਨੇ ਸਾਰੇ ਪਰਿਵਾਰ ਨੂੰ ਵੀ ਚੰਗੇ ਸੰਸਕਾਰ ਦਿੱਤੇ ਸਨ। ਮਿਤੀ 16-06-2025 ਨੂੰ ਆਪਣੇ ਸੁਆਸਾਂ ਦੀ ਪੂੰਜੀ ਭੋਗਦੇ ਹੋਏ ਬੀਬੀ ਜੀ ਇਸ ਫਾਨੀ ਸੰਸਾਰ ਤੋਂ ਸਾਨੂੰ ਸਾਰਿਆਂ ਨੂੰ ਅਲਵਿਦਾ ਕਹਿ ਗਏ।

ਬੀਬੀ ਰੁਪਿੰਦਰ ਕੌਰ ਦਾ ਜਨਮ ਪਿੰਡ ਬੱਲੜਵਾਲ (ਚੱਕ ਚਾਉ) ਤਹਿ. ਬਟਾਲਾ, ਜ਼ਿਲ੍ਹਾ ਗੁਰਦਾਸਪੁਰ 'ਚ ਪਿਤਾ ਸ਼ਾਹ ਦਿਆਲ ਸਿੰਘ ਦੇ ਗ੍ਰਹਿ ਮਾਤਾ ਸ਼ਾਮ ਕੌਰ ਦੀ ਕੁਖੋਂ 1942 ਵਿਚ ਹੋਇਆ ਜੋ ਕਿ ਇਲਾਕੇ ਵਿਚ ਸ਼ਾਹ ਪਰਿਵਾਰ ਕਰਕੇ ਜਾਣੇ ਜਾਂਦੇ ਹਨ। ਉਹਨਾਂ ਨੇ ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਉਹਨਾਂ ਦਾ ਵਿਆਹ 25 ਅਪ੍ਰੈਲ 1955 ਨੂੰ ਉੱਘੇ ਕਾਰੋਬਾਰੀ ਸਾਬਕਾ ਚੇਅਰਮੈਨ ਸ. ਕੁਲਦੀਪ ਸਿੰਘ ਪੁੱਤਰ ਗੁਰਮੁੱਖ ਸਿੰਘ ਨਾਲ ਹੋਇਆ ਅਤੇ ਉਹਨਾਂ ਦੇ ਘਰ ਤਿੰਨ ਪੁੱਤਰਾਂ ਅਤੇ ਇਕ ਬੇਟੀ ਨੇ ਜਨਮ ਲਿਆ। ਉਹਨਾਂ ਦੇ ਪੁੱਤਰ ਬਲਜਿੰਦਰ ਸਿੰਘ ਬਿਲੂ, ਸੁਖਵਿੰਦਰ ਸਿੰਘ ਸ਼ਿੰਦਾ ਅਤੇ ਐਡਵੋਕੇਟ ਹਰਜਿੰਦਰ ਸਿੰਘ ਸਾਰੇ ਇਸ ਸਮੇਂ ਚੰਗੇ ਕਾਰੋਬਾਰ ਚਲਾ ਰਹੇ ਹਨ ਅਤੇ ਸਮਾਜ ਵਿਚ ਵੱਖਰੀ ਪਹਿਚਾਣ ਅਤੇ ਰੁਤਬਾ ਰੱਖਦੇ ਹਨ। ਉਹਨਾਂ ਦੀ ਬੇਟੀ ਬਲਜੀਤ ਕੌਰ ਸ. ਪਰਵਿੰਦਰਪਾਲ ਸਿੰਘ ਪੀ.ਸੀ.ਐਸ. ਨਾਲ ਵਿਆਹੀ ਹੋਈ ਹੈ ਜੋ ਕਿ ਚੰਗੀ ਖੁਸ਼ਨੁਬਾ ਜ਼ਿੰਦਗੀ ਬਤੀਤ ਕਰ ਰਹੇ ਹਨ।

ਉਹਨਾਂ ਦੀ ਵੱਡੀ ਨੂੰਹ ਦਵਿੰਦਰ ਕੌਰ ਘਰ ਦੀ ਵਾਂਗਡੋਰ ਸੰਭਾਲ ਕੇ ਵਧੀਆ ਸੰਚਾਲਨ ਕਰ ਰਹੇ ਹਨ ਅਤੇ ਛੋਟੀ ਨੂੰਹ ਪਿੰਡ ਗੁਰਮੁਖ ਸਿੰਘ ਨਗਰ ਦੀ ਸਰਪੰਚ ਵੀ ਹਨ। ਉਹਨਾਂ ਦੇ ਪੁੱਤਰ ਨੂੰਹਾਂ ਅਤੇ ਪੋਤਰੇ ਅਕਾਸ਼ਦੀਪ ਸਿੰਘ ਪਤਨੀ ਰਣਜੀਤ ਕੌਰ, ਡਾ. ਅਮਨਦੀਪ ਸਿੰਘ ਪਤਨੀ ਡਾ. ਸੌਫੀਆ, ਤਰਨਦੀਪ ਸਿੰਘ ਪਤਨੀ ਡਾ. ਹਰਮਨਪ੍ਰੀਤ ਕੌਰ, ਡਾ. ਸੁਖਮਨਦੀਪ ਸਿੰਘ ਪਤਨੀ ਵਿੰਨੀਪ੍ਰੀਤ ਕੌਰ ਅਤੇ ਕਰਨਦੀਪ ਸਿੰਘ ਡਾ. ਅੰਮ੍ਰਿਤਦੀਪ ਸਿੰਘ ਇਹ ਸਾਰੇ ਦੇਸ਼-ਵਿਦੇਸ਼ ਵਿਚ ਚੰਗਾ ਕਾਰੋਬਾਰ ਚਲਾ ਕੇ ਲੋਕਾਂ ਨਾਲ ਚੰਗੇ ਸੰਬੰਧ ਬਣਾਏ ਹੋਏ ਹਨ। ਪੋਤਰੀ ਡਾ. ਨਮੀਤਾ ਸਿੰਘ ਪਤੀ ਇੰਜ. ਰਵਨੀਤ ਧੀਰ ਅਤੇ ਪਲਕਦੀਪ ਕੌਰ ਪਤਨੀ ਇੰਜ. ਰਮਨਦੀਪ ਸਿੰਘ ਵੀ ਆਪਣੀ ਜ਼ਿੰਦਗੀ ਦਾ ਚੰਗਾ ਨਿਰਵਾਹ ਕਰ ਰਹੇ ਹਨ। ਇਹਨਾਂ ਸਾਰਿਆਂ ਦਾ ਦੇਸ਼-ਵਿਦੇਸ਼ਾਂ ਵਿਚ ਚੰਗਾ ਕਾਰੋਬਾਰ ਹੈ।

ਬੀਬੀ ਜੀ ਦੀ ਅੰਤਿਮ ਅਰਦਾਸ 22 ਜੂਨ 2025 ਨੂੰ ਕੁਲਦੀਪ ਰਾਈਸ ਮਿੱਲ ਪਿੰਡ ਗਹੋਤ ਪੋਕਰ ਗੁਰਦਾਸਪੁਰ ਵਿਖੇ ਹੋਈ। ਅੰਤਿਮ ਅਰਦਾਸ ਵਿਚ ਸਮਾਜ ਦੇ ਹਰ ਵਰਗ ਦੀਆਂ ਸਖ਼ਸੀਅਤਾਂ ਨੇ ਵਿਛੜੀ ਰੂਹ ਨੂੰ ਆਪਣੀਆਂ ਸ਼ਰਧਾਂਜ਼ਲੀਆਂ ਭੇਟ ਕੀਤੀਆਂ ਜਿਨ੍ਹਾਂ ਵਿਚ ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਐਸ.ਜੀ.ਪੀ.ਸੀ. ਅਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ, ਸੁੱਚਾ ਸਿੰਘ ਛੋਟੇਪੁਰ ਅਤੇ ਪਾਹੜਾ ਸਾਹਿਬ ਐਮ.ਐਲ.ਏ. ਵੱਲੋਂ ਸ਼ਰਧਾਂਜ਼ਲੀ ਭੇਟ ਕੀਤੀ ਅਤੇ ਉਹਨਾਂ ਦੇ ਸਮੁੱਚੇ ਜੀਵਨ ਅਤੇ ਪਰਿਵਾਰਕ ਜ਼ਿੰਦਗੀ ਸੰਬੰਧੀ ਰੋਸ਼ਨੀ ਪਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਅਦਾਰਾ ਲੁਬਾਣਾ ਸੇਵਕ (ਬਮਸ਼ਲਫ) ਬੀਬੀ ਰੁਪਿੰਦਰ ਕੌਰ ਜੀ ਦੇ ਅਕਾਲ ਚਲਾਣੇ 'ਤੇ ਪਰਿਵਾਰ ਨਾਲ ਹਮਦਰਦੀ ਅਤੇ ਡੂੰਘੇ ਦੁੱਖ ਦਾ ਇਜਹਾਰ ਕਰਦਾ ਹੈ।

**ਇੰਜ. ਬਲਜੀਤ ਸਿੰਘ ਭਗਤਾਣਾ**